

PUNJAB SINDH FINANCE
TRUCK/TRAILER LOAN & REFINANCE

PUNJAB SINDH FINANCE · EVERY PSF MAKES A DIFFERENCE

ਨਵੇਂ ਪੁਰਾਣੇ ਟ੍ਰਕਾਂ/ਟ੍ਰੈਲਰਾਂ ਦੀ ਕੁਝ ਹੀ ਘੰਟਿਆਂ ਵਿੱਚ
Financing/Refinancing ਦਾ ਪੂਰਾ ਪ੍ਰਬੰਦ

- Quick Loan Approval Guranteed
- Bad credit........ No Problem
- Low Down Payment
- Lowest Rate of Interest
- Paper Work...... Minimum
- Best Flexible Terms & Conditions

Gary Chatha
President
647.227.3385
info@punjabsindhfinance.com
905.440.0000

6665 Tomken Rd #202, Mississauga, ON L5T 2C5 (Tomken/Midway)



TOTAL HOME Windows & Doors ਮੰਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਢੇਰ ਸਾਰੀ ਬਚਤ ਪਾਓ!

WINTER & SPRING SPECIAL SALE

- WINDOWS
- FIBERGLASS DOORS
- STEEL DOORS
- SLIDING PATIO DOORS

Guaranteed lowest Price up to 50% OFF

- Honest & fair prices
- Professional installation
- High quality products
- First class service

For 5 Stars Reviews Online & Testimonial visit:
https://thwindowsdoors.com/testimonials/



Phone: 416-661-6666 | Toll Free: 1-855-550-0610
7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com



JR Chartered Professional Accountant
Rajwinder Johal
PROFESSIONAL CORPORATION

**TAX SEASON!!!**
**For all your Accounting and Tax needs call 416 823 2556**

**Services offered:**
- Personal Taxes starting at $40
- New business incorporation starting at $50
- Corporate taxes starting at $100
- Full Charge Bookkeeping and Accounting (monthly rate starting at $100), includes following: Accounts Receivable/ Payable/ Bank and Credit Card Reconciliations. Payroll preparation and source deduction filing. HST and WSIB registration Government remittances (HST/ ROE/ all T - slips and T4s. ***QuickBooks online will be used, which provides you with an access to you books from anywhere the world.***


**Please contact me today for more information!**
**Or visit my website: www.rjohalcpa.ca or Call (416) 823 2556.**



ਮੂੰਹੋ ਬੋਲਦੀ Kitchen and Washroom ਬਣਵਾਓ

**Pearson**
**Kitchen & Cabinet**

Free Estimate
We Specialize in granite, quartz & marble countertops





We Specialize In: 100% Satisfaction On Time

- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ
Call **Vikramjit Sangha: 416-200-0931**

Special Discount for Contractors | Buy Direct From The Factory
271 - Glidden Rd. Unit#5, Brampton (Kennedy&Glidden)






chatr AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਚੜ੍ਹਤ ਮੋਦੀ ਦੀ ਬਹੁਤ ਹੈ ਭਾਜਪਾ ਵਿੱਚ,
ਚਰਚਾ ਪੈਂਦੀ ਅਡਵਾਨੀ ਦੀ ਚੱਲ ਮੀਆਂ।
ਚੁੱਕ ਕੇ ਜ਼ੀਰੋ ਤੋਂ ਜੀਹਨੇ ਸੀ ਪਾਰਟੀ ਨੂੰ,
ਤੋਰਿਆ ਸੱਤਾ ਦੇ ਸਿਖਰ ਦੇ ਵੱਲ ਮੀਆਂ।
ਪਾਰਟੀ ਵਾਸਤੇ ਲਾਇਆ ਸੀ ਤਾਣ ਸਾਰਾ,
ਔਕੜ-ਸ਼ੌਕੜ ਵੀ ਲਈ ਸੀ ਝੱਲ ਮੀਆ।
ਸੱਤਾ ਮਿਲੀ ਤਾਂ ਬਾਪੂ ਦਿਆਂ ਚੇਲਿਆਂ ਨੇ,
ਉਸ ਨੂੰ ਦਿੱਤੀ ਨਾ ਜ਼ਰਾ ਵੀ ਭੱਲ ਮੀਆਂ।
ਪਿੱਛੇ ਕੀਤਾ ਤਾਂ ਪੁੱਛ ਨਾ ਦੱਸ ਰਹਿ ਗਈ,
ਪਿੱਛੋਂ ਸੀਟ ਵੀ ਝੋਲੀ ਨਹੀਂ ਪਾਈ ਮੀਆਂ।
ਇੱਕ ਦਿਨ ਹੋਊਗੀ ਉਨ੍ਹਾਂ ਦੇ ਨਾਲ ਇਹੀ,
ਠਿੱਬੀ ਬਾਪੂ ਨੂੰ ਜਿਹੜਿਆਂ ਲਾਈ ਮੀਆਂ।

ਤੀਸ ਮਾਰ ਖਾਂ

# ਬੱਬਰ ਖ਼ਾਲਸਾ ਦੇ ਪੰਜ ਖਾੜਕੂ ਗ੍ਰਿਫ਼ਤਾਰ ਕਰਨ ਦਾ ਪੰਜਾਬ ਪੁਲਸ ਵੱਲੋਂ ਦਾਅਵਾ

ਮੋਹਾਲੀ, 31 ਮਾਰਚ, (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐੱਸ ਐੱਸ ਓ ਸੀ) ਦੀ ਮੋਹਾਲੀ ਟੀਮ ਨੇ ਬੱਬਰ ਖ਼ਾਲਸਾ ਦੇ ਪੰਜ ਖਾੜਕੂ ਫੜਨ ਦਾ ਦਾਅਵਾ ਕੀਤਾ ਹੈ, ਜਿਹੜੇ ਹਿੰਦੂਵਾਦੀ ਆਗੂਆਂ ਤੇ ਡੇਰਾ ਸੱਚਾ ਸੌਦਾ ਦੇ ਮੋਹਤਬਰਾਂਨੂੰ ਮਾਰਨ ਲਈ ਯੋਜਨਾ ਬਣਾ ਰਹੇ ਸਨ। ਇਨ੍ਹਾਂ ਦੀ ਪਛਾਣ ਹਰਵਿੰਦਰ ਸਿੰਘ, ਸੁਲਤਾਨ ਸਿੰਘ ਵਾਸੀ ਹਰਿਆਣਾ, ਕਰਮਜੀਤ ਸਿੰਘ ਵਾਸੀ ਪੰਜਾਬ, ਲਵਪ੍ਰੀਤ ਸਿੰਘ ਵਾਸੀ ਸੰਗਰੂਰ ਅਤੇ ਗੁਰਪ੍ਰੀਤ ਸਿੰਘ ਵਾਸੀ ਚੰਡੀਗੜ੍ਹ ਵਜੋਂ ਹੋਈ ਹੈ ਅਤੇ ਇਨ੍ਹਾਂ ਦੇ ਵਿਰੁੱਧ ਕੇਸ ਦਰਜ ਕਰ ਲਿਆ ਗਿਆ ਹੈ।

ਇਸ ਸੰਬੰਧ ਵਿੱਚ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਹ ਸਾਰੇ ਖਾੜਕੂ ਬੀਤੇ ਪੰਜ ਮਹੀਨਿਆਂ ਤੋਂਮੋਹਾਲੀ ਦੇ ਦਾਰਾ ਸਟੂਡੀਓ ਨੇੜੇ ਗੁਪਤ ਜਗ੍ਹਾ ਮੀਟਿੰਗਾਂ ਕਰ ਰਹੇ ਸਨ। ਪੁਲਸ ਦੇ ਇਸ ਸੈੱਲ ਦੇ ਏਆਈਜੀ ਵਰਿੰਦਰ ਪਾਲ ਸਿੰਘ ਦੇ ਮੁਤਾਬਕ ਇਹ ਲੋਕ ਇਸ ਵੇਲੇ ਆਪਣੀ ਸਾਜ਼ਿਸ਼ ਲਈ ਫੰਡ ਤੇ ਹਥਿਆਰ ਇਕੱਠੇ ਕਰ ਰਹੇ ਸਨ ਤੇ ਜੰਮੂ-ਕਸ਼ਮੀਰ ਵਿੱਚ ਹਥਿਆਰਾਂ ਦੀ ਟ੍ਰੇਨਿੰਗ



* ਕਈ ਹਿੰਦੂ ਆਗੂ ਤੇ ਡੇਰਾ ਪ੍ਰੇਮੀ ਨਿਸ਼ਾਨੇ ਉੱਤੇ ਦੱਸੇ ਗਏ

ਦੇਣ ਦੀ ਯੋਜਨਾ ਬਣਾ ਰਹੇ ਸਨ। ਇਹ ਜੇਲ੍ਹ ਬੰਦ ਬੱਬਰ ਖ਼ਾਲਸਾ ਦੇ ਆਗੂ ਜਗਤਾਰ ਸਿੰਘ ਹਵਾਰਾ ਅਤੇ ਜਰਮਨੀ ਵਿੱਚ ਖ਼ਾਲਿਸਤਾਨ ਟਾਈਗਰ ਫੋਰਸ ਦੇ ਕਾਰਕੁਨ ਰਣਜੀਤ ਸਿੰਘ ਪੱਖੋਕੇ ਦੇ ਸੰਪਰਕ ਵਿੱਚਸਨ। ਪਤਾ ਲੱਗਾ ਹੈ ਕਿ ਗੁਰਪ੍ਰੀਤ ਸਿੰਘ ਨੇ ਜਗਤਾਰ ਸਿੰਘ ਹਵਾਰਾ ਨਾਲ ਜੇਲ੍ਹ ਕੱਟੀ ਅਤੇ ਸੋਸ਼ਲ ਮੀਡੀਆ ਰਾਹੀਂ ਉਸ ਨਾਲ ਜੁੜਿਆ ਸੀ। ਕੁਝ ਦਿਨ ਪਹਿਲਾਂ ਉਹ ਹਵਾਰਾ ਨੂੰ ਤਿਹਾੜ ਜੇਲ੍ਹ ਵਿਚ ਮਿਲ ਕੇ ਵੀ ਆਇਆ ਸੀ।

ਪੁਲਸ ਦਾ ਕਹਿਣਾ ਹੈ ਕਿ ਇਹ ਲੋਕ ਵੱਡੇ ਪੱਧਰ ਉੱਤੇ ਹਿੰਦੂਵਾਦੀ ਆਗੂਆਂ ਅਤੇ ਡੇਰਾ ਸੱਚਾ ਸੌਦਾ ਦੇ ਪ੍ਰੇਮੀਆਂ ਨੂੰ ਮਾਰਨ ਦੀ ਯੋਜਨਾ ਬਣਾ ਰਹੇ ਸਨ, ਜਿਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਲਈ ਜ਼ਿੰਮੇਵਾਰ ਸਨ। ਇਨ੍ਹਾਂ ਖਾੜਕੂਆਂ ਨੂੰ ਯੂਰਪ ਵਿਚਲੇ ਦੂਜੇ ਲੋਕ ਗਾਈਡ ਕਰਦੇ ਸਨ ਤੇ ਸੋਸ਼ਲ ਮੀਡੀਆ ਤੋਂ ਇਨ੍ਹਾਂ ਨੂੰ ਨਿਰਦੇਸ਼ ਮਿਲਦੇ ਸਨ। ਪੁਲਸ ਸੂਤਰਾਂ ਅਨੁਸਾਰ ਕਰਮਜੀਤ ਸਿੰਘ ਫੇਸਬੁੱਕ ਰਾਹੀਂ ਬੱਬਰ ਖ਼ਾਲਸਾ ਨਾਲ ਜੁੜਿਆ ਤੇ ਫੇਸਬੁੱਕ ਤੋਂ ਹਿੰਦੂਵਾਦੀ ਆਗੂਆਂਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਦੀਸ਼ਨਾਖ਼ਤ ਕਰ ਰਿਹਾ ਸੀ। ਉਸ ਨੇ ਇਨ੍ਹਾਂਕੇਸਾਂ ਨਾਲ ਜੁੜੇ ਕਈ ਲੋਕਾਂਦੇ ਨਾਲ ਬੇਅਦਬੀ ਕਰਨ ਵਾਲਿਆਂ ਦੀ ਸੂਚੀ ਵੀ ਬਣਾਈ ਸੀ। ਪੁਲਸ ਅਧਿਕਾਰੀਆਂ ਮੁਤਾਬਕ ਦੋਸ਼ੀਆਂਤੋਂਇੱਕ .32 ਬੋਰ ਪਿਸਟਲ (ਮੈਗਜ਼ੀਨ ਅਤੇ ਚਾਰ ਕਾਰਤੂਸ) ਅਤੇ ਬੱਬਰ ਖ਼ਾਲਸਾ ਇੰਟਰਨੈਸ਼ਨਲ ਦੇ 15 ਲੈਟਰਪੈਡ ਮਿਲੇ ਹਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

## ਲਾਪਤਾ ਕੈਨੇਡੀਅਨ ਮਹਿਲਾ ਨੂੰ ਕੀਤਾ ਗਿਆ ਹੋ ਸਕਦਾ ਹੈ ਅਗਵਾ : ਹਿਊਮਨ ਰਾਈਟਸ ਵਾਚ

...ਪੰਨਾ 1 ਦਾ ਬਾਕੀ


ਇਸ ਜਾਣਕਾਰੀ ਦੀ ਕੈਨੇਡੀਅਨ ਸਰਕਾਰ ਵੱਲੋਂ ਪੁਸ਼ਟੀ ਨਹੀਂ ਕੀਤੀ ਗਈ। ਪਰ ਫੈਡਰਲ ਸਰਕਾਰ ਨੇ ਇਹ ਵੀ ਆਖਿਆ ਕਿ ਉਨ੍ਹਾਂ ਵੱਲੋਂ ਕਿਸੇ ਵੀ ਤਰ੍ਹਾਂ ਦੀਆਂ ਸੰਭਾਵਨਾਂਵਾਂ ਤੋਂ ਇਨਕਾਰ ਨਹੀਂ ਕੀਤਾ ਜਾ ਰਿਹਾ। ਹਿਊਮਨ ਰਾਈਟਸ ਵਾਚ ਦੀ ਤਾਜ਼ਾ ਰਿਪੋਰਟ ਵਿੱਚ ਵੀ ਇਹੋ ਆਖਿਆ ਗਿਆ ਕਿ ਇਸ ਜੋੜੇ ਨੂੰ ਅਗਵਾ ਕੀਤਾ ਗਿਆ ਹੋ ਸਕਦਾ ਹੈ। ਇਸ ਜੋੜੇ ਨੂੰ ਅਗਵਾ ਕਰਨ ਦੀ ਜ਼ਿੰਮੇਵਾਰੀ ਕਿਸੇ ਵੀ ਹਥਿਆਰਬੰਦ ਇਸਲਾਮਿਸਟ ਗਰੁੱਪ ਵੱਲੋਂ ਨਹੀਂ ਲਈ ਗਈ ਹੈ ਪਰ ਇਹ ਮੰਨਿਆ ਜਾ ਰਿਹਾ ਹੈ ਕਿ ਇਸ ਜੋੜੇ ਨੂੰ ਅਗਵਾ ਕਰਨ ਤੋਂ ਬਾਅਦ ਮਾਲੀ ਲਿਜਾਇਆ ਗਿਆ ਹੋ ਸਕਦਾ ਹੈ। 22 ਮਾਰਚ ਨੂੰ ਜਥੇਬੰਦੀ ਦੀ ਵੈੱਬਸਾਈਟ ਉੱਤੇ ਪਾਈ ਗਈ ਇਸ ਰਿਪੋਰਟ ਵਿੱਚ ਦੋਵਾਂ ਯਾਤਰੀਆਂ ਦੀ ਹੋਣੀ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ।

ਜਨਵਰੀ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਹ ਆਖਿਆ ਸੀ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਬਲਾਇਸ ਅਜੇ ਵੀ ਜ਼ਿੰਦਾ ਹੈ। ਉਨ੍ਹਾਂ ਦਾ ਇਹ ਬਿਆਨ ਉਸ ਸਮੇਂ ਆਇਆ ਸੀ ਜਦੋਂ ਕਰਕ ਵੁੱਡਮੈਨ ਨਾਂ ਦਾ ਇੱਕ ਹੋਰ ਕੈਨੇਡੀਅਨ ਉੱਤਰੀ ਬੁਰਕੀਨਾ ਫਾਸੋ ਵਿੱਚ ਮਾਲੀ ਤੇ ਨਾਈਜਰ ਦੀ ਸਰਹੱਦ ਦੇ ਲਾਗੇ ਮ੍ਰਿਤਕ ਪਾਇਆ ਗਿਆ ਸੀ।

# ਜਸਟਿਸ ਜ਼ੋਰਾ ਸਿੰਘ ਨੇ ਕਿਹਾ: ਬਹਿਬਲ ਕਲਾਂ ਗੋਲੀ ਕਾਂਡ ਲਈ ਬਾਦਲ ਸਰਕਾਰ ਹੀ ਜ਼ਿੰਮੇਵਾਰ ਸੀ

ਜਲੰਧਰ, 31 ਮਾਰਚ, (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਦੌਰਾਨ ਬਰਗਾੜੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਕਰਨ ਵਾਲੇ ਸਾਬਕਾ ਜੱਜ ਜਸਟਿਸ ਜ਼ੋਰਾ ਸਿੰਘ ਨੇ ਇਸ ਦੇ ਲਈ ਓਦੋਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੀ ਸਰਕਾਰ ਨੂੰ ਅਸਲ ਦੋਸ਼ੀ ਕਿਹਾ ਹੈ। ਉਨ੍ਹਾਂ ਕਿਹਾ ਕਿ ਬਾਦਲ ਦਲਦੀ ਲੀਡਰਸ਼ਿਪ ਤੇ ਕਾਂਗਰਸ ਆਗੂ ਕੈਪਟਨ ਅਮਰਿੰਦਰ ਸਿੰਘ ਆਪੋ ਵਿਚ ਮਿਲੇ ਹੋਣ ਕਾਰਨ ਮੇਰੀ ਰਿਪੋਰਟ ਨਾ ਜੱਗ ਜ਼ਾਹਰ ਕੀਤੀ ਗਈ ਅਤੇ ਨਾ ਵਿਧਾਨ ਸਭਾ ਵਿਚ ਪੇਸ਼ ਕਰ ਕੇ ਉਸ ਉੱਤੇ ਬਹਿਸ ਕਰਵਾਈ ਗਈ ਸੀ।

ਇਹ ਭੇਦ ਖੋਲ੍ਹਣ ਵਾਲੇ ਜਸਟਿਸ ਜ਼ੋਰਾ ਸਿੰਘ ਇਸ ਵੇਲੇਜਲੰਧਰ ਲੋਕ ਸਭਾ ਹਲਕੇ ਤੋਂਆਮ ਆਦਮੀ ਪਾਰਟੀ ਦੇ ਉਮੀਦਵਾਰ ਹਨ। ਉਹ ਹਾਈ ਕੋਰਟ ਦੇਸਾਬਕਾ ਜੱਜ ਹਨ ਅਤੇ ਉਨ੍ਹਾਂ ਦੀ ਅਗਵਾਈ ਵਿਚ ਅਕਾਲੀ-ਭਾਜਪਾ ਸਰਕਾਰ ਨੇ ਉਸ ਸਮੇਂ ਕਮਿਸ਼ਨ ਬਣਾ ਕੇ ਬਹਿਬਲ ਕਲਾਂ ਗੋਲੀ ਕਾਂਡ ਦੀ



ਜਾਂਚ ਕਰਵਾਈ ਸੀ। ਅੱਜ ਪ੍ਰੈੱਸ ਕਾਨਫਰੰਸ ਵਿਚ ਜਸਟਿਸ ਜ਼ੋਰਾ ਸਿੰਘ ਤੋਂ ਪੱਤਰਕਾਰਾਂ ਨੇ ਪੁੱਛਿਆ ਕਿ ਤੁਹਾਡੇ ਉੱਤੇ ਦੋਸ਼ ਲੱਗਦਾ ਹੈ ਕਿ ਆਪਣੀ ਰਿਪੋਰਟ ਵਿਚ ਬਾਦਲ ਪਰਿਵਾਰ ਤੇ ਉਸ ਵਕਤ ਦੇ ਸੀਨੀਅਰ ਪੁਲਸ ਅਫਸਰਾਂ ਨੂੰ ਤੁਸੀਂਕਲੀਨ ਚਿੱਟ ਦੇ ਦਿੱਤੀ ਸੀ। ਇਸ ਬਾਰੇ ਜਸਟਿਸ ਜ਼ੋਰਾ ਸਿੰਘ ਨੇ ਕਿਹਾ ਕਿ ਮੈਂ ਅਕਾਲੀ ਆਗੂਆਂ ਤੇ ਪੁਲਸ ਅਫਸਰਾਂ ਨੂੰ ਕਲੀਨ ਚਿੱਟ ਦਿੱਤੀ ਹੁੰਦੀ ਤਾਂ ਓਦੋਂ ਮੁੱਖ ਮੰਤਰੀ ਬਾਦਲ ਨੇ ਮੇਰੀ ਰਿਪੋਰਟ ਮਨਜ਼ੂਰ ਕਰ ਕੇ ਉਸ ਨੂੰ ਖੁਦ ਜਨਤਕ ਕਰਨਾ ਸੀ। ਉਨ੍ਹਾਂ ਕਿਹਾ ਕਿ ਨਾ ਅਕਾਲੀ ਸਰਕਾਰ ਨੇ ਉਸ ਰਿਪੋਰਟ ਨੂੰ ਵਿਧਾਨ ਸਭਾ ਵਿਚ ਪੇਸ਼ ਕੀਤਾ ਤੇ ਨਾ ਕਾਂਗਰਸ ਨੇ ਕੀਤਾ, ਕਿਉਂਕਿ ਕੈਪਟਨ ਅਮਰਿੰਦਰ ਸਿੰਘ ਵੀ ਬਾਦਲ ਦੇ ਨਾਲ ਮਿਲੇ ਹੋਏ ਹਨ। ਉਨ੍ਹਾਂ ਕਿਹਾ ਕਿ ਬਰਗਾੜੀ ਤੇ ਬਹਿਬਲ ਕਲਾਂ ਕਾਂਡ ਲਈ ਬਾਦਲ ਦੋਸ਼ੀ ਹਨ ਤੇ ਉਨ੍ਹਾਂ ਨੇ ਆਪਣੀ ਰਿਪੋਰਟ ਨੂੰ ਵਿਧਾਨ ਸਭਾ ਵਿਚ ਪੇਸ਼ ਕਰਨ ਦੀ ਮੰਗ ਕੀਤੀ ਸੀ।

ਇਸ ਮੌਕੇ ਜਸਟਿਸ ਜ਼ੋਰਾ ਸਿੰਘ ਕਿਹਾ ਕਿ ਜਲੰਧਰ ਨਾਲ ਉਨ੍ਹਾਂ ਦਾ ਕਰੀਬੀ ਰਿਸ਼ਤਾ ਹੈ ਤੇ ਜੇ ਚੋਣ ਜਿੱਤ ਗਏ ਤਾਂ ਸਿਹਤ ਤੇ ਸਿੱਖਿਆ ਸਹੂਲਤਾਂ ਵੱਲ ਖਾਸ ਧਿਆਨ ਦੇਣ ਲਈ ਦਿੱਲੀ ਦਾ ਮਾਡਲ ਪੰਜਾਬ ਵਿਚ ਲਾਗੂ ਕੀਤਾ ਜਾਵੇਗਾ। ਉਨ੍ਹਾਂ ਨਾਲ ਬੈਠੇ ਆਮ ਆਦਮੀ ਪਾਰਟੀ ਦੇ ਆਗੂ ਅਤੇ ਵਿਧਾਨ ਸਭਾ ਦੀ ਵਿਰੋਧੀ ਧਿਰ ਦੇ ਮੁਖੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਵਿਚ ਡਰੱਗਜ਼ ਨੂੰ ਰੋਕਣ ਲਈ ਸਰਕਾਰ ਬਿਲਕੁਲ ਫੇਲ ਹੋਈ ਹੈ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-208-7011 437-219-1502

UK TRUCK TRAINING CENTRE
ukttc
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲ੍ਹਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ, ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

SherGill Law Firm
Barrister, Solicitor & Notary Public
Services:
• Real Estate
• Family Law
• Residential, Commercial, Franchise
• Affidavit, Power Of Attorney & Notarization
• Criminal Law
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

ਬਿਜਲੀ ਦਾ ਕੋਈ ਵੀ ਛੋਟਾ/ਵਡਾ ਕੰਮ ਹੋਵੇ
• Residential/Commercial/Industrial
• Basement Electrical Wiring
• Service Panel Upgrading
• Fire Alarm
• Driveway Lights
For All Kinds of Electrical Work
Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ
Contact: Nirmal Singh Johal(Certified Electrician)647-716-2677

# ਫਾਦਰ ਐਂਥਨੀ ਦੇ ਦਾਅਵੇ ਨੇ ਪੰਜਾਬ ਪੁਲਸ ਕਸੂਤੀ ਫਸਾਈ

## ਮੇਰੇ ਘਰੋਂ 16.65 ਕਰੋੜ ਫੜਕੇ 9.65 ਕਰੋੜ ਦੱਸੇ : ਐਨਥਨੀ

ਜਲੰਧਰ, 31 ਮਾਰਚ, (ਪੋਸਟ ਬਿਊਰੋ)- ਏਥੋਂ ਨੇੜੇ ਪ੍ਰਤਾਪਪੁਰਾ ਵਿੱਚ ਰਹਿੰਦੇ ਜਿਹੜੇ ਈਸਾਈ ਧਰਮ ਦੇ ਫਾਦਰ ਐਂਥਨੀ ਦੇ ਘਰ ਤੋਂ ਖੰਨਾ ਪੁਲਸ ਨੇ ਇੱਕ ਦਿਨ ਪਹਿਲਾਂ ਕਰੋੜਾਂ ਰੁਪਏ ਫੜਨ ਦਾ ਦਾਅਵਾ ਕੀਤਾ ਸੀ, ਉਸ ਨੇ ਅੱਜ ਐਤਵਾਰ ਖੁਦ ਨੂੰ ਬੇਕਸੂਰ ਦੱਸਦੇ ਹੋਏ ਖੰਨਾ ਪੁਲਸ ਉੱਤੇ ਕਰੋੜਾਂ ਰੁਪਏ ਗਾਇਬ ਕਰਨ ਦਾ ਦੋਸ਼ ਲਾ ਦਿੱਤਾ ਹੈ।



ਪਿਛਲੇ ਸਾਲ ਨੰਨ ਕੇਸ ਵਿੱਚ ਫਸੇ ਹੋਏ ਬਿਸ਼ਪ ਫਰੈਂਕੋ ਮੁਲੱਕਲ ਦੇ ਨੇੜੇ ਸਮਝੇ ਜਾਂਦੇ ਫਾਦਰ ਐਂਥਨੀ ਦਾ ਦਾਅਵਾ ਹੈ ਕਿ ਪੁਲਸ ਨੇ ਇੱਕ ਦਿਨ ਪਹਿਲਾਂ ਉਨ੍ਹਾਂ ਦੇ ਘਰ ਤੋਂਜਿਹੜੇ 16.65 ਕਰੋੜ ਰੁਪਏ ਫੜੇ ਸਨ, ਉਹ ਉਨ੍ਹਾਂ ਦੀ ਫਰਮ ਦੇ ਸਨ, ਜਿਸਵਿੱਚੋਂ ਪੁਲਸ ਨੇ ਸਿਰਫ9.65 ਕਰੋੜ ਰੁਪਏ ਦੱਸੇ ਹਨ।ਫਾਦਰ ਐਂਥਨੀ ਨੇ ਕਿਹਾ ਕਿ ਉਹ ਪੀਟਰ ਜਾਇਸ, ਪਾਲ ਤੇ ਸ਼ਾਈਨ ਨਾਲ ਮਿਲ ਕੇ ਇਕ ਫਰਮ ਵਿੱਚ 4 ਭਾਈਵਾਲ ਹਨ। ਪੰਜਾਬ ਦੇ ਕੁੱਲ 44 ਸਕੂਲਾਂ ਵਿੱਚ ਉਹ ਕਿਤਾਬਾਂ, ਸਟੇਸ਼ਨਰੀ, ਵਰਦੀਆਂ ਅਤੇ ਹੋਰ ਸਾਮਾਨ ਦੀ ਸਪਲਾਈ ਦੇਂਦੇ ਹਨ। ਕਈ ਬੁੱਕ ਡੀਲਰ ਵੀ ਉਨ੍ਹਾਂ ਨੂੰ ਸਕੂਲਾਂ ਦੇ ਆਰਡਰ ਦਿਵਾਉਂਦੇ ਹਨ ਅਤੇ ਉਸਵਿੱਚੋਂਉਨ੍ਹਾਂ ਦੀ ਕੰਪਨੀ ਨੂੰ ਪੈਸਾ ਆਉਂਦਾ ਹੈ। ਫਾਦਰ ਐਂਥਨੀ ਨੇ ਦੋਸ਼ ਲਾਇਆ ਕਿ ਕੁਝ ਦਿਨ ਪਹਿਲਾਂ ਉਨ੍ਹਾਂ ਨੇ ਬੈਂਕ ਵਿੱਚ ਆਪਣੀ ਕੰਪਨੀ ਦੇ 14 ਕਰੋੜ ਰੁਪਏ ਜਮ੍ਹਾ ਕਰਵਾਏ ਤੇ ਬਾਕੀ 16 ਕਰੋੜ 65 ਲੱਖ ਰੁਪਏ ਫਿਰ 29 ਮਾਰਚ ਨੂੰ ਜਮ੍ਹਾ ਕਰਵਾਉਣੇ ਸਨ। ਬੈਂਕ ਮੁਲਾਜ਼ਮਜਦੋਂ ਉਨ੍ਹਾਂ ਦੇ ਘਰ ਪੈਸੇ ਗਿਣ ਰਹੇ ਸਨ ਤਾਂ ਖੰਨਾ ਪੁਲਸ ਨੇ ਛਾਪਾ ਮਾਰ ਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਬੈਂਕ ਸਟਾਫਵਲੋਂਗਿਣੇ ਜਾ ਚੁੱਕੇ 9.65 ਕਰੋੜ ਸਮੇਤ ਸਾਰੀ ਰਕਮ ਚੁੱਕ ਲਈ। ਉਨ੍ਹਾਂ ਕਿਹਾ ਕਿ ਖੰਨਾ ਪੁਲਸ ਉਨ੍ਹਾਂ ਨੂੰ ਖੰਨਾ ਤੋਂਫੜਨ ਦੀ ਗਲਤ ਗੱਲ ਕਹਿੰਦੀ ਹੈ। ਉਨ੍ਹਾਂ ਕਿਹਾ ਕਿ ਪੁਲਸ ਨੇ 16.65 ਕਰੋੜ ਰੁਪਏਵਿੱਚੋਂ ਸਿਰਫ 9.65 ਕਰੋੜ ਰੁਪਏ ਸ਼ੋਅ ਕੀਤੇ ਤੇ ਬਾਕੀ ਦੀ ਰਕਮ ਕਿੱਥੇ ਹੈ।

ਇਸ ਬਾਰੇਫਾਦਰ ਐਂਥਨੀ ਨੇ ਕਿਹਾ ਕਿ ਦੋਬਾਰਾ ਖੰਨਾ ਪੁਲਸ ਨੂੰ ਘਰ ਲਿਜਾ ਕੇ ਸ਼ੋਅ ਕੀਤੀ 9.65 ਕਰੋੜ ਰੁਪਏ ਦੀ ਰਕਮ ਬਾਰੇ ਦਸਤਾਵੇਜ਼ ਦਿੱਤੇ ਸਨ ਤੇ ਬਾਕੀ ਰਕਮ ਦੇ ਵੀ ਦਸਤਾਵੇਜ਼ਹਨ। ਉਨ੍ਹਾਂ ਕਿਹਾ ਕਿ ਪੁਲਸ ਨੇ ਬਾਕੀ ਰਕਮ ਹੜੱਪ ਲਈ ਹੈ, ਜਿਸ ਕਾਰਨ ਉਹ ਪੁਲਸ ਅਫਸਰਾਂ ਉੱਤੇ ਕਾਰਵਾਈ ਲਈ ਹਾਈ ਕੋਰਟ ਜਾਣਗੇ।ਉਨ੍ਹਾਂ ਕਿਹਾ ਕਿ ਉਨ੍ਹਾਂ ਉੱਤੇ ਲੱਗੇ ਹਵਾਲਾ ਕਾਰੋਬਾਰ ਤੇ ਧਰਮ ਪਰਿਵਰਤਨ ਦੇ ਸਾਰੇ ਦੋਸ਼ ਝੂਠੇ ਹਨ।

# ਫਾਰੂਕ ਅਬਦੁੱਲਾ ਭੜਕਿਆ: ਪੁਲਵਾਮਾ ਵਿੱਚ 40 ਸੀ ਆਰ ਪੀ ਐੱਫ ਜਵਾਨ ਮਾਰੇ ਜਾਣਦਾ ਸ਼ੱਕ ਜਤਾਇਆ

ਜੰਮੂ, 31 ਮਾਰਚ, (ਪੋਸਟ ਬਿਊਰੋ)- ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਡਾ. ਫਾਰੂਕ ਅਬਦੁੱਲਾ ਨੇ ਅੱਜ ਸ੍ਰੀਨਗਰ ਵਿੱਚਆਪਣੇਪਾਰਟੀਵਰਕਰਾਂ ਦੇ ਸੰਮੇਲਨ ਵਿੱਚ ਕਿਹਾਹੈ ਕਿ ਛੱਤੀਸ਼ਗੜ੍ਹ ਵਿੱਚ ਹਿੰਦੁਸਤਾਨ ਦੇ ਕਿੰਨੇ ਜਵਾਨ ਮਾਰੇ ਗਏ, ਕੀ ਮੋਦੀ ਜੀ ਓਥੇ ਉਨ੍ਹਾਂ ਉੱਤੇ ਫੁੱਲ ਚੜ੍ਹਾਉਣ ਕਦੇਗਏ ਸਨ, ਪਰ 40 ਸੀ ਆਰ ਪੀ ਐੱਫ ਜਵਾਨਾਂ ਦੇ ਵਾਸਤੇ ਗਏ, ਇਸ ਲਈ ਏਥੇ ਕਿੰਨੇ ਜਵਾਨ ਮਾਰੇ ਗਏ, ਉਨ੍ਹਾਂ ਦਾ ਵੀ ਮੈਨੂੰ ਸ਼ੱਕ ਹੈ।



ਫਾਰੂਕ ਅਬਦੁੱਲਾ ਨੇ ਕਿਹਾ ਕਿ ਸੈਟੇਲਾਈਟ ਤਬਾਹ ਕਰਨ ਲਈ ਛੱਡਿਆ ਗਿਆ ਮਿਜ਼ਾਈਲ ਮਨਮੋਹਨ ਸਿੰਘ ਦੀ ਸਰਕਾਰ ਵੇਲੇਬਣਾਇਆ ਗਿਆ ਸੀ, ਅੱਜ ਚੋਣਾਂ ਹਨ ਤਾਂ ਦਿਖਾਉਣ ਨੂੰ ਹਨੂੰਮਾਨ ਜੀ ਤਸ਼ਰੀਫ਼ ਲਿਆਏ, ਉਸ ਨੇ ਬਟਨ ਦੱਬਿਆ, ਇਕ ਬਟਨ ਗ਼ਲਤ ਦੱਬ ਗਿਆ ਤੇ ਹੈਲੀਕਾਪਟਰ ਡਿੱਗਣ ਨਾਲ ਸਾਡੇ 6 ਜਵਾਨ ਮਾਰੇ ਗਏ।

ਨੈਸ਼ਨਲ ਕਾਨਫਰੰਸ ਦੇ ਆਗੂ ਫਾਰੂਕ ਅਬਦੁੱਲਾ ਨੇ ਪੁਲਵਾਮਾ ਹਮਲੇ ਬਾਰੇ ਮੋਦੀ ਸਰਕਾਰਨੂੰ ਸਵਾਲ ਕਰਦੇ ਹੋਏ ਕਿਹਾ ਕਿ ਸੀ ਆਰ ਪੀ ਐੱਫ ਦੇ 40 ਜਵਾਨ ਸ਼ਹੀਦ ਹੋ ਜਾਣ ਬਾਰੇ ਮੈਨੂੰ ਸ਼ੱਕ ਹੈ। ਵਰਨਣ ਯੋਗ ਹੈ ਕਿ ਫਾਰੂਕ ਅਬਦੁਲਾ ਸ੍ਰੀਨਗਰ ਲੋਕ ਸਭਾ ਹਲਕੇਤੋਂ ਚੋਣ ਲੜ ਰਹੇ ਹਨ। ਇਸ ਸੀਟ ਤੋਂ ਉਹ 2014 ਵਿੱਚ ਚੋਣ ਹਾਰ ਗਏ ਸਨ, ਪਰ ਪਿੱਛੋਂ 2017 ਵਿੱਚ ਉਪ ਚੋਣਾਂ ਵਿੱਚ ਜਿੱਤ ਗਏ ਸਨ।ਫਾਰੂਕ ਅਬਦੁੱਲਾ ਨੇ ਕਿਹਾ ਕਿ ਕਿੰਨੇ ਜਵਾਨ ਹਿੰਦੁਸਤਾਨ ਦੇ ਸ਼ਹੀਦ ਹੋਏ ਛੱਤੀਸਗੜ੍ਹ ਵਿੱਚ? ਕੀ ਕਦੇ ਮੋਦੀ ਜੀ ਓਥੇ ਉਨ੍ਹਾਂ ਉੱਤੇ ਫੁੱਲ ਚੜ੍ਹਾਉਣ ਨੂੰ ਗਏ? ਇਸ ਲਈਸੀ ਆਰ ਪੀ ਐੱਫ ਦੇ 40 ਜਵਾਨ ਸ਼ਹੀਦ ਹੋਏ, ਉਨ੍ਹਾਂ ਦਾ ਵੀ ਮੈਨੂੰ ਸ਼ੱਕ ਹੈ।

ਕੁਝ ਦਿਨ ਪਹਿਲਾਂ ਫਾਰੂਕ ਅਬਦੁੱਲਾ ਨੇ ਏਅਰ ਸਟ੍ਰਾਈਕ ਬਾਰੇ ਵਿਵਾਦਤ ਬਿਆਨ ਦਿੱਤਾ ਤੇ ਕਿਹਾ ਸੀ ਕਿ ਸਾਨੂੰ ਹਮੇਸ਼ਾਂ ਤੋਂ ਪਤਾ ਸੀ ਕਿ ਪਾਕਿਸਤਾਨ ਨਾਲ ਯੁੱਧ ਵਾਂਗ ਛੋਟੀ ਲੜਾਈ ਹੋ ਸਕਦੀ ਹੈ, ਪਰ ਏਅਰ ਸਟ੍ਰਾਈਕ ਇਸ ਲਈ ਕਿ ਚੋਣਾਂ ਨੇੜੇ ਹਨ। ਅਸੀਂ ਕਰੋੜਾਂ ਦੀ ਲਾਗਤ ਦਾ ਜਹਾਜ਼ ਗੁਆ ਲਿਆ। ਸ਼ੁਕਰ ਹੈ,ਪਾਇਲਟ ਬਚ ਗਿਆ। ਫਾਰੂਕ ਅਬਦੁੱਲਾ ਨੇ ਕਿਹਾ ਕਿ ਸਭ ਪਾਰਟੀਆਂ ਜੰਮੂ-ਕਸ਼ਮੀਰ ਵਿੱਚ ਇਕੱਠੀਆਂ ਲੋਕ ਸਭਾ ਤੇ ਵਿਧਾਨ ਸਭਾ ਚੋਣਾਂ ਕਰਾਉਣ ਦੇ ਹੱਕ ਵਿੱਚ ਹਨ। ਲੋਕ ਸਭਾ ਚੋਣਾਂ ਲਈ ਮਾਹੌਲ ਠੀਕ ਹੈ, ਪਰ ਜੰਮੂ-ਕਸ਼ਮੀਰਵਿਧਾਨ ਸਭਾ ਚੋਣਾਂ ਲਈ ਕਿਉਂ ਨਹੀਂ। ਸਥਾਨਕ ਚੋਣਾਂ ਸ਼ਾਂਤੀਪੂਰਨ ਹੋਈਆਂ, ਲੋੜੀਂਦੀ ਫੋਰਸ ਏਥੇ ਹੈ ਤਾਂ ਕਿਉਂ ਵਿਧਾਨ ਸਭਾ ਚੋਣਾਂ ਨਹੀਂ ਹੋ ਸਕਦੀਆਂ।

# ਕੋਕੋ ਨਾਲ ਬਣੀ ਚਾਕਲੇਟ ਹੈ 'ਫੂਡਸ ਆਫ ਦਿ ਗੌਡ'

ਨਿਊ ਯਾਰਕ, 31 ਮਾਰਚ (ਪੋਸਟ ਬਿਊਰੋ)- ਕੋਕੋ ਨਾਲ ਬਣੀ ਚਾਕਲੇਟ ਲੰਬੇ ਸਮੇਂ ਤੱਕ ਦੱਖਣੀ ਅਮਰੀਕਾ ਦੇ ਮੂਲ ਨਿਵਾਸੀਆਂ ਵਿੱਚ ਭਗਵਾਨ ਦੇ ਭੋਜਨ 'ਫੂਡਸ ਆਫ ਦਿ ਗੌਡ' ਦੇ ਰੂਪ ਵਿੱਚ ਜਾਣੀ ਜਾਂਦੀ ਰਹੀ ਹੈ।

ਆਪਣੇ ਗੁਣਾਂ ਤੇ ਸਵਾਦ ਕਾਰਨ ਇਹ 100 ਸਾਲ ਪਹਿਲਾਂ ਤੋਂ ਹੀ ਸਵਾਦ ਡ੍ਰਿੰਕ ਅਤੇ ਚਾਕਲੇਟ ਬਾਰ ਦੇ ਰੂਪ ਵਿੱਚ ਪ੍ਰਸਿੱਧ ਰਹੀ ਹੈ। ਪੂਰੀ ਦੁਨੀਆ 'ਚ ਚਾਕਲੇਟ ਪ੍ਰੇਮੀ ਜਾਣਦੇ ਹਨ ਕਿ ਚਾਕਲੇਟ ਮੂਡ ਚੰਗਾ ਰੱਖਦੀ ਤੇ ਤਣਾਅ ਦੂਰ ਕਰਦੀ ਹੈ, ਪਰ ਚਾਕਲੇਟ ਦੇ ਇਸ ਦੇ ਬਿਨਾ ਵੀ ਕਈ ਲਾਭ ਹਨ। ਇੱਕ ਅਧਿਐਨ ਮੁਤਾਬਕ ਦੋ ਹਫਤੇ ਤੱਕ ਹਰੇਕ ਦਿਨ ਡਾਰਕ ਚਾਕਲੇਟ ਖਾਣ ਨਾਲ ਤਣਾਅ ਦੇ ਹਾਰਮੋਨ ਘੱਟ ਹੁੰਦੇ ਹਨ। ਆਸਟਰੇਲੀਆਈ ਖੋਜਕਾਰਾਂ ਮੁਤਾਬਕ ਡਾਰਕ ਚਾਕਲੇਟ ਦੇ ਸੇਵਨ ਨਾਲ ਉਚ ਬਲੱਡ ਪ੍ਰੈਸ਼ਰ 'ਚ ਕਮੀ ਆਉਂਦੀ ਹੈ। ਕੋਕੋ 'ਚ ਮੌਜੂਦ ਐਂਟੀਆਕਸੀਡੈਂਟਸ ਕਈ ਸਿਹਤਮੰਦ ਅਧਿਐਨਾਂ ਲਈ ਸਹਾਈ ਹੁੰਦੇ ਹਨ। ਪਿਛਲੇ ਦਹਾਕੇ ਵਿੱਚ ਆਧੁਨਿਕ ਵਿਗਿਆਨ ਨੇ ਚਾਕਲੇਟ ਨੂੰ ਆਕਸੀਡੈਂਟਿਵ ਤਣਾਅ ਘਟਾਉਣ ਲਈ ਸ਼ਕਤੀਸ਼ਾਲੀ ਮੰਨਿਆ ਹੈ। ਇਸ ਦਾ ਕਾਰਨ ਬੀਮਾਰੀਆਂ, ਜੋਜਿਸ਼, ਚਿੰਤਾ ਤੇ ਇੰਸੁਲਿਨ ਰੋਕੂ ਵਰਗੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ, ਇਸ ਲਈ ਚਾਕਲੇਟ ਸਿਰਫ ਸਵਾਦ ਨਹੀਂ ਸਿਹਤ ਪੱਖੋਂ ਵੀ ਅਸਰਦਾਰ ਹੈ। 2010 ਵਿੱਚ ਹੋਈ ਇੱਕ ਖੋਜ ਨਾਲ ਪਤਾ ਲੱਗਾ ਸੀ ਕਿ ਇਹ ਬਲੱਡ ਪ੍ਰੈਸ਼ਰ ਨੂੰ ਘਟਾਉਂਦਾ ਹੈ ਅਤੇ ਦਿਲ ਦੀ ਬੀਮਾਰੀ ਤੋਂ ਦੂਰ ਰੱਖਦਾ ਹੈ।

# ਬ੍ਰੈਗਜ਼ਿਟ ਦੇ ਅੜਿੱਕੇ ਦੂਰ ਕਰਨ ਵਿੱਚ ਪ੍ਰਧਾਨ ਮੰਤਰੀ ਥੈਰੇਸਾ ਮੇਅ ਤੀਜੀ ਵਾਰ ਫੇਲ੍ਹ

## * ਪਾਰਲੀਮੈਂਟ ਚੋਣਾਂ ਵੱਲ ਦੇਸ਼ ਵਧਣ ਲੱਗਾ

ਲੰਡਨ, 31 ਮਾਰਚ, (ਪੋਸਟ ਬਿਊਰੋ)- ਬ੍ਰਿਟੇਨ ਵਿੱਚ ਚੋਣਾਂ ਦੀ ਆਹਟ ਸੁਣਾਈ ਦੇਣ ਲੱਗ ਪਈ ਹੈ। ਬ੍ਰੈਗਜ਼ਿਟ (ਯੂਰਪੀ ਯੂਨੀਅਨ ਤੋਂ ਵੱਖਰੇ ਹੋਣ) ਬਾਰੇ ਪਾਰਲੀਮੈਂਟ ਵਿਚਲੇ ਅੜਿੱਕੇ ਦੂਰ ਕਰਨ ਵਿੱਚ ਪ੍ਰਧਾਨ ਮੰਤਰੀ ਥੈਰੇਸਾ ਮੇਅ ਨੂੰ ਲਗਾਤਾਰ ਤੀਜੀ ਅਸਫਲਤਾ ਮਿਲੀ ਅਤੇ ਵਿਰੋਧੀ ਧੜੇ ਦੇ ਦਬਾਅ ਹੇਠ ਤਿੰਨ ਬਦਲਾਂ ਦੇ ਗਿਰਦ ਥੈਰੇਸਾ ਦੀ ਕੁੱਲ ਸਿਆਸਤ ਘਿਰ ਗਈ ਹੈ ਕਿ ਸਰਕਾਰ ਬਿਨਾਂ ਸਮਝੌਤੇ ਤੋਂ ਯੂਰਪੀ ਯੂਨੀਅਨ (ਈ ਯੂ) ਛੱਡੇ ਜਾਂਪਾਰਲੀਮੈਂਟ ਭੰਗ ਕਰ ਕੇ ਮੱਧਕਾਲੀ ਚੋਣਾਂਦੀ ਸਿਫਾਰਸ਼ ਕਰੇ ਜਾਂ ਬ੍ਰੈਗਜ਼ਿਟ ਦੇ ਲਈ ਸ਼ਰਤਾਂ ਬਦਲ ਕੇ ਸੋਧਿਆ ਹੋਇਆ ਖਰੜਾ ਤਿਆਰ ਕਰੇ ਅਤੇ ਪਾਰਲੀਮੈਂਟਤੋਂ ਉਸ ਦੀ ਪ੍ਰਵਾਨਗੀ ਲੈਣ ਦਾ ਤਾਣ ਲਾਵੇ।



ਇਸ ਬਾਰੇ ਬ੍ਰਿਟੇਨ ਦੇ ਲੋਕਾਂ ਵਿਚ ਚਰਚਾ ਹੈ ਕਿ ਤਿੰਨ ਸਾਲ ਪਹਿਲਾਂ ਯੂਰਪੀ ਯੂਨੀਅਨ ਛੱਡਣ ਲਈ ਕੀਤੇ ਫ਼ੈਸਲੇ ਉੱਤੇ ਕੀ ਅਮਲ ਹੋਣਾ ਚਾਹੀਦਾ ਹੈ ਜਾਂ ਨਹੀਂ? ਬ੍ਰਿਟੇਨਅਤੇ ਈ ਯੂ ਦਾ 46 ਸਾਲ ਪੁਰਾਣੇਸੰਬੰਧਪਿੱਛੋਂ ਬਹੁਤੀ ਆਬਾਦੀ ਨੇ ਬ੍ਰੈਗਜ਼ਿਟ ਦਾ ਪੱਖ ਲਿਆ ਸੀ। ਇਸ ਬਾਰੇ ਰਿਫਰੈਂਡਮ ਵੇਲੇ 48 ਫ਼ੀਸਦੀ ਲੋਕਾਂ ਨੇ ਈ ਯੂ ਛੱਡਣ ਦੇ ਵਿਰੁੱਧ ਵੋਟ ਦਿੱਤੀ ਅਤੇ 52 ਫ਼ੀਸਦੀ ਲੋਕਾਂ ਨੇ ਬ੍ਰੈਗਜ਼ਿਟ ਦਾਪੱਖ ਪੂਰਿਆ ਸੀ।ਦੂਜੇ ਸੰਸਾਰ ਯੁੱਧ ਮਗਰੋਂ ਬ੍ਰੈਗਜ਼ਿਟ ਨੂੰ ਬ੍ਰਿਟੇਨਦਾ ਸਭ ਤੋਂ ਵੱਡਾ ਮੁੱਦਾ ਮੰਨਿਆ ਜਾ ਰਿਹਾ ਹੈ, ਜਿਸ ਨਾਲ ਬ੍ਰਿਟੇਨ ਦਾ ਭਵਿੱਖ ਜੁੜਿਆ ਹੈ। ਥੈਰੇਸਾ ਮੇਅ ਦੀ ਕੰਜ਼ਰਵੇਟਿਵ ਪਾਰਟੀ ਦੇ 170 ਪਾਰਲੀਮੈਂਟ ਮੈਂਬਰਾਂ ਨੇ ਉਨ੍ਹਾਂ ਨੂੰ ਸਾਂਝਾ ਪੱਤਰ ਲਿਖ ਕੇ ਕੁਝ ਮਹੀਨੇ ਪਹਿਲਾਂ ਬ੍ਰੈਗਜ਼ਿਟ ਪੂਰਾ ਕਰਨ ਦੀ ਮੰਗ ਕੀਤੀ ਹੈ, ਪਰ ਲੋਕਾਂ ਵਿੱਚ ਪਾਰਲੀਮੈਂਟ ਚੋਣਾਂ ਦੀ ਚਰਚਾ ਛਿੜ ਚੁੱਕੀ ਹੈ।

# 1984 ਦੇ ਦਿੱਲੀ ਕਤਲੇਆਮ ਦੀ ਜਾਂਚ ਲਈ ਐੱਸ ਆਈ ਟੀ ਨੂੰ ਦੋ ਮਹੀਨੇ ਹੋਰ ਮਿਲੇ

ਨਵੀਂ ਦਿੱਲੀ, 31 ਮਾਰਚ, (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੂੰ 1984 ਦੇ ਸਿੱਖ ਵਿਰੋਧੀ ਕਤਲੇਆਮ ਨਾਲ ਜੁੜੇ 186 ਕੇਸਾਂ ਦੀ ਜਾਂਚ ਪੂਰੀ ਕਰਨ ਦਾ ਹੋਰ ਦੋ ਮਹੀਨੇ ਸਮਾਂ ਦੇ ਦਿੱਤਾ ਹੈ।

ਜਸਟਿਸ ਐੱਸ ਏ ਬੋਬਡੇ ਅਤੇ ਜਸਟਿਸ ਐੱਸ ਅਬਦੁੱਲ ਨਜ਼ੀਰ ਨੇ ਐੱਸ ਆਈ ਟੀ ਦੇ ਇਹ ਦੱਸਣਮਗਰੋਂ ਸਮਾਂ ਵਧਾ ਦਿੱਤਾ ਕਿ 50 ਫ਼ੀਸਦੀ ਤੋਂਵੱਧ ਕੰਮ ਪੂਰਾ ਹੋ ਚੁੱਕਾ ਹੈ। ਐੱਸ ਆਈ ਟੀ ਨੇ ਕਿਹਾ ਕਿ ਜਾਂਚ ਪੂਰੀ ਕਰਨ ਲਈ ਉਸ ਨੂੰ ਹੋਰ ਦੋ ਮਹੀਨੇ ਚਾਹੀਦੇ ਹਨ। ਸੁਪਰੀਮ ਕੋਰਟ ਨੇ ਪਟੀਸ਼ਨ ਕਰਤਾ ਤੇ ਦਿੱਲੀ ਸਿੱਖ ਗੁਰ-ਦੁਆਰਾ ਮੈਨੇਜਮੈਂਟ ਕਮੇਟੀ ਦੇ ਮੈਂਬਰ ਗੁਰਲਾਡ ਸਿੰਘ ਕਾਹਲੋਂ ਨੂੰ ਵੀ ਨੋਟਿਸ ਜਾਰੀ ਕੀਤਾ ਹੈ। ਉਨ੍ਹਾਂ ਨੇ ਕਤਲਾਂ ਵਿਚ ਨਾਮਜ਼ਦ 62 ਪੁਲਿਸ ਵਾਲਿਆਂ ਦੀ ਭੂਮਿਕਾ ਦੀ ਜਾਂਚ ਦੀ ਮੰਗ ਕੀਤੀਹੈ।ਸੁਪਰੀਮ ਕੋਰਟ ਨੇ ਪਿਛਲੇ ਸਾਲ 11 ਜਨਵਰੀ ਨੂੰ ਦਿੱਲੀ ਦੇ ਸਾਬਕਾ ਜੱਜ ਜਸਟਿਸ ਐੱਸ ਐੱਨ ਢੀਂਗਰਾ ਦੀ ਪ੍ਰਧਾਨਗੀ ਵਿਚ ਐੱਸ ਆਈ ਟੀਬਣਾਈ ਸੀ, ਇਸ ਵਿਚ ਸੇਵਾਮੁਕਤ ਆਈਪੀ ਐੱਸ ਅਫਸਰ ਰਾਜਦੀਪ ਸਿੰਘ ਅਤੇ ਸੇਵਾਮੁਕਤ ਆਈਪੀ ਐੱਸ ਅਫਸਰ ਅਭਿਸ਼ੇਕ ਦੁਲਰ ਵੀ ਸ਼ਾਮਲ ਸਨ। ਐੱਸਆਈਟੀ ਨੂੰ 186 ਕਤਲਾਂ ਦੀ ਜਾਂਚ ਦੀ ਨਿਗਰਾਨੀ ਕਰਨ ਨੂੰ ਕਿਹਾ ਗਿਆ ਸੀ, ਜਿਨ੍ਹਾਂ ਦੀ ਕਲੋਜ਼ਰ ਰਿਪੋਰਟ ਪੇਸ਼ਕੀਤੀ ਜਾ ਚੁੱਕੀ ਸੀ। ਐੱਸ ਆਈ ਟੀ ਵਿਚ ਇਸ ਸਮੇਂ ਸਿਰਫ ਦੋ ਮੈਂਬਰ ਹਨ। ਰਾਜਦੀਪ ਸਿੰਘ ਨੇ ਨਿੱਜੀ ਕਾਰਨਾਂ ਕਰ ਕੇ ਇਸ ਵਿਚ ਸ਼ਾਮਲ ਹੋਣ ਤੋਂਨਾਂਹ ਕਰ ਦਿੱਤੀ ਸੀ।ਇਸ ਸੰਬੰਧ ਵਿੱਚ ਸੁਪਰੀਮ ਕੋਰਟ ਨੇ ਗ੍ਰਹਿ ਮੰਤਰਾਲੇ ਅਤੇ ਪਟੀਸ਼ਨ ਕਰਤਾ ਦੇ ਵਕੀਲ ਐੱਸ ਜੀ ਐੱਸ ਕਾਹਲੋਂਦੀ ਸਹਿਮਤੀ ਹੋਣ ਪਿੱਛੋਂ ਤਿੰਨ ਮੈਂਬਰੀ ਐੱਸ ਆਈ ਟੀਬਣਾਈ ਸੀ। ਦੋਵੇਂ ਪੱਖਾਂ ਨੇ ਨਵੀਂਐੱਸ ਆਈ ਟੀ ਵਿਚਲੇਨਾਵਾਂ ਉੱਤੇ ਸਹਿਮਤੀ ਕੀਤੀ ਸੀ। ਵਰਨਣ ਯੋਗ ਹੈ ਕਿ 31 ਅਕਤੂਬਰ 1984 ਨੂੰ ਓਦੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਪਿੱਛੋਂ ਦਿੱਲੀ ਵਿਚ ਵੱਡੇ ਪੈਮਾਨੇ ਉੱਤੇ ਦੰਗੇ ਭੜਕ ਗਏ ਅਤੇ 2,733 ਲੋਕਾਂ ਦੀ ਮੌਤ ਹੋਈ ਸੀ।

# ਬ੍ਰਿਟੇਨ ਦੇ ਏਸ਼ੀਅਨ ਘੁਟਾਲੇਬਾਜ਼ ਕਮਾਈ ਵਿੱਚੋਂ ਅਲਕਾਇਦਾ ਨੂੰ ਫੰਡ ਦਿੰਦੇ ਰਹੇ

ਲੰਡਨ, 31 ਮਾਰਚ, (ਪੋਸਟ ਬਿਊਰੋ)- ਏਸ਼ੀਅਨ ਮੂਲ ਦੇ ਬ੍ਰਿਟੇਨਵਿਚਲੇ ਅਜਿਹੇ ਲੋਕਾਂ ਦੇ ਗਿਰੋਹ ਬਾਰੇ ਪਤਾ ਲੱਗਾ ਹੈ, ਜਿਸ ਨੇ ਬ੍ਰਿਟਿਸ਼ਲੋਕਾਂਤੋਂ ਅਰਬਾਂ ਪੌਂਡ ਦੀ ਨਾਜਾਇਜ਼ ਵਸੂਲੀ ਕੀਤੀ ਤੇ ਉਸ ਨੂੰ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਦੇ ਅੱਤਵਾਦੀ ਟੋਲਿਆਂ ਨੂੰ ਭੇਜ ਦਿੱਤਾ। ਇਹ ਜਾਣਕਾਰੀ ਬ੍ਰਿਟਿਸ਼ ਮੀਡੀਆ ਦੀ ਜਾਂਚ ਰਿਪੋਰਟ ਤੋਂ ਪਤਾ ਲੱਗੀ ਹੈ ਅਤੇ ਇਹ ਜਾਂਚ ਪੁਲਿਸ ਤੇ ਖ਼ੁਫ਼ੀਆ ਵਿਭਾਗ ਦੀਆਂ ਫਾਈਲਾਂਤੋਂ ਕੀਤੀਗਈ ਹੈ।ਇਸ ਗਰੋਹ ਦੇ ਮੈਂਬਰ ਲੰਡਨ, ਬਕਿੰਘਮਸ਼ਾਇਰ, ਬਰਮਿੰਘਮ, ਉੱਤਰ-ਪੱਛਮੀ ਇੰਗਲੈਂਡ ਤੇ ਸਕਾਟਲੈਂਡ ਦੇਵਸਨੀਕ ਹਨ। ਘੁਟਾਲੇ ਨਾਲ ਇਕੱਠੇ ਕੀਤੇ ਗਏ ਪੈਸੇਦਾ ਇਕ ਫੀਸਦੀ ਇਸ ਗਿਰੋਹ ਨੇ ਪਾਕਿਸਤਾਨ ਵਿਚਲੇ ਅਲ ਕਾਇਦਾ ਅੱਤਵਾਦੀਆਂ ਨੂੰ ਭੇਜਿਆ ਤੇ ਉਨ੍ਹਾਂ ਨੇਅੱਗੋਂ ਮਦਰੱਸਿਆਂ, ਅੱਤਵਾਦੀ ਸਿਖਲਾਈ ਕੈਂਪਾਂ ਅਤੇ ਹੋਰ ਸਰਗਰਮੀਆਂ ਵਿਚ ਲਾਇਆ ਸੀ।



ਬ੍ਰਿਟਿਸ਼ ਅਖ਼ਬਾਰ 'ਦ ਸੰਡੇ ਟਾਈਮਜ਼' ਨੇ ਫਾਈਲਾਂ ਦੇ ਦਸਤਾਵੇਜ਼ਾਂਨਾਲ ਛਾਪੀ ਖਾਸ ਰਿਪੋਰਟ ਵਿੱਚ ਅਨੁਮਾਨ ਪੇਸ਼ ਕੀਤਾ ਹੈ ਕਿ ਇਸ ਗਿਰੋਹ ਨੇ ਪਿਛਲੇ 20 ਸਾਲਾਂਵਿੱਚ ਕਰੀਬ ਅੱਠ ਕਰੋੜ ਪੌਂਡ (725 ਕਰੋੜ ਰੁਪਏ) ਦਾ ਘੁਟਾਲਾ ਕਰ ਕੇ ਰੈਵੇਨਿਊ ਵਿਭਾਗ ਦਾ ਨੁਕਸਾਨ ਕੀਤਾਸੀ। ਅਚੱਲ ਜਾਇਦਾਦਾਂ ਬਦਲੇ ਕਰਜ਼ੇ ਨਾਲਠੱਗੀ ਤੇ ਕ੍ਰੈਡਿਟ ਕਾਰਡ ਨਾਲ ਬੈਂਕਾਂ ਅਤੇ ਕਾਰਡ ਧਾਰਕਾਂ ਨਾਲ ਧੋਖਾ ਕੀਤਾ ਸੀ। ਅਖ਼ਬਾਰ ਦੀ ਰਿਪੋਰਟ ਮੁਤਾਬਕ ਦੋ ਸਾਲ ਦੀ ਜਾਂਚ ਵਿਚ ਭੇਦ ਖੁੱਲ੍ਹਾ ਕਿ ਘੁਟਾਲੇ ਤੋਂਮਿਲਦੀ ਰਕਮ ਦਾ ਹਿੱਸਾ ਅਲਕਾਇਦਾ ਮੁਖੀ ਓਸਾਮਾ ਬਿਨ ਲਾਦੇਨ ਤਕ ਜਾਂਦਾ ਸੀ। ਓਸਾਮਾ ਬਿਨ ਲਾਦੇਨ ਨੂੰ 2011 ਵਿੱਚ ਅਮਰੀਕੀ ਕਮਾਂਡੋ ਨੇ ਪਾਕਿਸਤਾਨ ਦੇ ਐਬਟਾਬਾਦ ਵਿਚ ਇੱਕ ਕਾਰਵਾਈ ਕਰ ਕੇ ਮਾਰ ਦਿੱਤਾ ਸੀ। ਬ੍ਰਿਟੇਨ ਦੇ ਅਦਾਲਤੀ ਹੁਕਮਾਂ ਕਾਰਨ ਦੋਸ਼ੀਆਂ ਦੇ ਨਾਂ ਅਖ਼ਬਾਰ ਨੇ ਨਹੀਂਛਾਪੇ। ਕਾਨੂੰਨੀ ਮਾਹਰਾਂ ਅਨੁਸਾਰ ਘੁਟਾਲੇਬਾਜ਼ਾਂ ਨੂੰ ਇਸ ਗੰਭੀਰ ਅਪਰਾਧ ਲਈ 100 ਸਾਲ ਤਕ ਕੈਦ ਸਜ਼ਾ ਹੋ ਸਕਦੀ ਹੈ।

# ਚੀਨ 100 ਗੁਣਾ ਤੇਜ਼ ਇੰਟਰਨੈੱਟ ਸਪੀਡ ਵਾਲਾ ਪਹਿਲਾ ਦੇਸ਼ ਬਣ ਗਿਆ

## * 4ਜੀ ਨਾਲੋਂ ਸੌ ਗੁਣਾਂ ਵੱਧ ਸਪੀਡ ਵਾਲੀਆਂ 5ਜੀ ਸੇਵਾਵਾਂ ਸ਼ੁਰੂ

ਬੀਜਿੰਗ, 31 ਮਾਰਚ, (ਪੋਸਟ ਬਿਊਰੋ)- ਸ਼ੰਘਾਈ ਨੇ ਦਾਅਵਾ ਕੀਤਾ ਹੈ ਕਿ 5ਜੀ ਕਵਰੇਜ ਤੇ ਬਰਾਡਬੈਂਡ ਕੁਨੈਕਟਿਵਿਟੀ ਅਤੇ ਨੈਟਵਰਕ ਦੇ ਪੱਖ ਤੋਂ ਉਹ ਸੰਸਾਰ ਦਾ ਪਹਿਲਾ ਜ਼ਿਲ੍ਹਾ ਬਣ ਗਿਆ ਹੈ। ਵਰਨਣ ਯੋਗ ਹੈ ਕਿ ਨੈਕਸਟ ਜਨਰੇਸ਼ਨ ਮੋਬਾਈਲ ਨੈਟਵਰਕ ਦੇ ਪੱਖ ਤੋਂ ਅਮਰੀਕਾ ਤੇ ਹੋਰ ਦੇਸ਼ਾਂ ਨੂੰ ਪਛਾੜਨ ਦੀ ਕੋਸ਼ਿਸ਼ ਵਿਚਚੀਨ ਪੂਰੀ ਤਰ੍ਹਾਂ ਲੱਗਾ ਹੋਇਆ ਹੈ। 5ਜੀ ਸੈਲੂਲਰ ਮੋਬਾਈਲ ਤਕਨੀਕ ਦੀ ਅਗਲੀ ਪੀੜ੍ਹੀ ਹੈ ਤੇ ਇਹ ਮੌਜੂਦਾ 4ਜੀ ਨੈਟਵਰਕ ਦੇ ਮੁਕਾਬਲੇ 10 ਤੋਂ 100 ਗੁਣਾ ਤੇਜ਼ ਸਪੀਡ ਦਿੰਦੀ ਹੈ। ਚਾਈਨਾ ਡੇਲੀ ਦੇ ਮੁਤਾਬਕ ਸ਼ੰਘਾਈ ਵਿਚ 5ਜੀ ਕਵਰੇਜ ਅਤੇ ਬਰਾਡਬੈਂਡ ਗੀਗਾਬਾਈਟ ਨੈਟਵਰਕ ਤਿਆਰ ਹੋ ਚੁੱਕਾ ਹੈ ਤੇ5ਜੀ ਦਾ ਸਫ਼ਲ ਟ੍ਰਾਇਲ ਹੋ ਚੁੱਕਾ ਹੈ ਤੇ ਅਧਿਕਾਰਤ ਤੌਰ ਉੱਤੇ ਇਸ ਨੂੰ ਸ਼ੰਘਾਈ ਦੇ ਹਾਂਗ ਕਾਊਂ ਵਿਚ ਸ਼ੁਰੂ ਕਰ ਦਿੱਤਾ ਗਿਆ ਹੈ। ਤਿੰਨ ਮਹੀਨੇ ਪਹਿਲਾਂ ਏਥੇ5ਜੀ ਬੇਸ ਸਟੇਸ਼ਨ ਬਣਾ ਲਿਆ ਸੀ। ਲਾਂਚਿੰਗ ਮੌਕੇ ਉੱਤੇ ਸ਼ੰਘਾਈ ਦੇ ਵਾਈਸ ਮੇਅਰ ਵੂ ਕਿੰਗ ਨੇ ਦੁਨੀਆ ਦੇ ਪਹਿਲੇ 5ਜੀ ਫੋਨ ਹੁਆਵੇ ਮੇਟ ਐਕਸ ਨਾਲ ਵੀਡੀਓ ਕਾਲ ਵੀ ਕੀਤੀ ਹੈ। ਇੱਕ ਸੌ ਅਰਬ ਡਾਲਰ ਦੀ ਚੀਨੀ ਕੰਪਨੀ ਹੁਆਵੇ ਨੂੰ ਅਮਰੀਕਾ ਸਮੇਤ ਕਈ ਦੇਸ਼ਾਂ ਵਿਚ 5ਜੀ ਟ੍ਰਾਇਲ ਦੇ ਬਾਰੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ। ਅਮਰੀਕਾ ਦਾ ਕਹਿਣਾ ਹੈ ਕਿ ਹੁਆਵੇ ਨੈਟਵਰਕ ਨੂੰਚੀਨ ਜਾਸੂਸੀ ਕਰਨ ਦੇ ਲਈ ਵਰਤਦਾ ਹੈ ਅਤੇ ਹੁਆਵੇ ਦੇ ਜੰਤਰ ਸੁਰੱਖਿਅਤ ਨਹੀਂ। ਅਮਰੀਕਾ ਨੇ ਸਹਿਯੋਗੀ ਦੇਸ਼ਾਂ ਉੱਤੇ ਦਬਾਅ ਬਣਾਉਣ ਦੀ ਕੋਸ਼ਿਸ਼ ਵੀ ਕੀਤੀ ਸੀ ਕਿ 5ਜੀ ਮੋਬਾਈਲ ਨੈਟਵਰਕ ਦੇ ਵਿੱਚ ਸ਼ਾਮਲ ਹੋਣਤੋਂ ਹੁਆਵੇ ਨੂੰ ਰੋਕਿਆ ਜਾਏ।









# ਪਾਕਿ ਦੇ ਖ਼ਾਲਿਸਤਾਨੀ ਦਾਅ ਕਾਰਨ ਭਾਰਤ ਨੇ ਕਰਤਾਰਪੁਰ ਲਾਂਘੇ ਦੀ ਗੱਲਬਾਤ ਰੋਕੀ

ਨਵੀਂ ਦਿੱਲੀ, 31 ਮਾਰਚ, (ਪੋਸਟ ਬਿਊਰੋ)- ਪਾਕਿਸਤਾਨ ਵਿਚਲੇ ਗੁਰਦੁਆਰਾ ਕਰਤਾਰਪੁਰ ਸਾਹਿਬ ਲਈ ਭਾਰਤ ਤੋਂ ਵਿਸ਼ੇਸ਼ ਲਾਂਘਾ ਬਣਾਉਣ ਦਾ ਮਾਮਲਾ ਫਿਰ ਲਟਕਦਾ ਦਿਖਾਈ ਦੇਣ ਲੱਗ ਪਿਆ ਹੈ। ਇਸ ਕਾਰੀਡੋਰ ਦੇ ਰਾਹੀਂ ਪਾਕਿਸਤਾਨ ਸਰਕਾਰ ਵੱਲੋਂ ਫਿਰ ਖ਼ਾਲਿਸਤਾਨੀ ਚਾਲ ਚੱਲਣ ਦੀ ਕੋਸ਼ਿਸ਼ ਦੇ ਕਾਰਨ ਤਿੰਨ ਦਿਨਾਂ ਨੂੰ ਹੋਣ ਵਾਲੀ ਦੂਜੀ ਆਪਸੀ ਬੈਠਕ ਨੂੰ ਭਾਰਤ ਨੇ ਰੱਦ ਕਰਨ ਦਾ ਫ਼ੈਸਲਾ ਕਰ ਲਿਆ ਹੈ। ਕਾਰਨ ਇਹ ਦੱਸਿਆ ਹੈ ਕਿ ਦੋ ਦਿਨ ਪਹਿਲਾਂ ਪਾਕਿਸਤਾਨ ਸਰਕਾਰ ਨੇ ਇਸ ਲਾਂਘੇ ਦੀ ਉਸਾਰੀ ਤੇ ਇਸ ਗੁਰਦੁਆਰੇ ਵਿੱਚ ਗੁਰੂ ਨਾਨਕ ਜੀ ਦੇ 550ਵੇਂ ਪ੍ਰਕਾਸ਼ ਪੁਰਬਮੌਕੇ ਹੋ ਰਹੇ ਪ੍ਰੋਗਰਾਮ ਦੀ ਤਿਆਰੀ ਲਈ ਜਿਹੜੀ ਕਮੇਟੀ ਬਣਾਈ ਹੈ, ਉਸ ਵਿੱਚ ਗੋਪਾਲ ਸਿੰਘ ਚਾਵਲਾ ਸਮੇਤ ਚਾਰ ਖ਼ਾਲਿਸਤਾਨ ਪੱਖੀ ਸ਼ਾਮਲ ਕਰ ਦਿੱਤੇ ਹਨ। ਭਾਰਤ ਨੇ ਇਨ੍ਹਾਂ ਲੋਕਾਂ ਨੂੰ ਸ਼ਾਮਲ ਕਰਨ ਉੱਤੇ ਗੰਭੀਰ ਚਿੰਤਾ ਪ੍ਰਗਟ ਕਰਦੇ ਹੋਏ ਅਗਲੀ ਬੈਠਕ ਕੀਤੇ ਜਾਣ ਤੋਂ ਪਹਿਲਾਂ ਪਾਕਿਸਤਾਨ ਤੋਂ ਸਫ਼ਾਈ ਮੰਗੀ ਹੈ। ਪਾਕਿਸਤਾਨ ਦੇ ਜਵਾਬ ਤੋਂ ਭਾਰਤ ਦੀ ਤਸੱਲੀ ਹੋਣ ਉੱਤੇ ਅਗਲੀ ਬੈਠਕ ਦੀ ਤਰੀਕ ਤੈਅ ਕੀਤੀ ਜਾ ਸਕੇਗੀ, ਵਰਨਾ ਅੜਿੱਕਾ ਪੈ ਸਕਦਾ ਹੈ।

ਇਸ ਸੰਬੰਧ ਵਿੱਚ ਵਿਦੇਸ਼ ਮੰਤਰਾਲੇ ਨੇ ਸ਼ੁੱਕਰਵਾਰ ਸਵੇਰੇ ਨਵੀਂ ਦਿੱਲੀ ਵਿਚਲੇ ਪਾਕਿਸਤਾਨ ਸਰਕਾਰ ਦੇ ਡਿਪਟੀ ਹਾਈ ਕਮਿਸ਼ਨਰ ਸਈਅਦ ਹੈਦਰ ਸ਼ਾਹ ਨੂੰ ਸੱਦ ਕੇ ਆਪਣੇ ਫ਼ੈਸਲੇ ਬਾਰੇ ਦੱਸਿਆ ਤੇ ਕਹਿ ਦਿੱਤਾ ਹੈ ਕਿ ਪਾਕਿਸਤਾਨ ਨੂੰ ਸਾਫ ਕਰਨਾ ਚਾਹੀਦਾ ਹੈ ਕਿ ਪਿਛਲੀ ਬੈਠਕ ਵੇਲੇ ਖ਼ਾਲਿਸਤਾਨ ਪੱਖੀਆਂ ਨੂੰ ਇਸ ਲਾਂਘੇ ਦੀ ਤਿਆਰੀ ਤੋਂ ਵੱਖ ਰੱਖਣ ਦੀ ਭਾਰਤ ਦੀ ਸਪੱਸ਼ਟ ਮੰਗ ਦੇ ਬਾਵਜੂਦ ਏਦਾਂ ਕਿਉਂ ਕੀਤਾ ਹੈ? ਪਾਕਿਸਤਾਨ ਦੀ ਸਫ਼ਾਈ ਪਿੱਛੋਂ ਅਗਲਾ ਕਦਮ ਚੁੱਕਿਆ ਜਾਵੇਗਾ। ਉਂਝ ਇਸ ਦੇ ਨਾਲ ਭਾਰਤ ਨੇ ਤਜਵੀਜ਼ ਦਿੱਤੀ ਹੈ ਕਿ ਲਾਂਘੇ ਨਾਲ ਜੁੜੇ ਤਕਨੀਕੀ ਮੁੱਦਿਆਂਦੀ ਵਿਚਾਰ ਕਰਨ ਲਈ ਤਕਨੀਕੀ ਟੀਮ ਦੀ ਬੈਠਕ ਅਪ੍ਰੈਲ ਦੇ ਅੱਧ ਵਿੱਚ ਹੋ ਸਕਦੀ ਹੈ। ਤਕਨੀਕੀ ਟੀਮ ਦੀ ਬੈਠਕ ਲਾਂਘੇ ਨਾਲ ਜੁੜੇ ਢਾਂਚੇ ਦੇ ਵਿਕਾਸ ਲਈ ਹੋਣੀ ਹੈ, ਜਿਸ ਵਿਚ ਯਾਤਰੀਆਂ ਦੀ ਸਹੂਲਤ, ਉਨ੍ਹਾਂ ਦੇ ਆਉਣ-ਜਾਣ ਦੇ ਰੂਟਦਾ ਫ਼ੈਸਲਾ ਹੋਣਾ ਹੈ।

ਪਾਕਿਸਤਾਨ ਨੇ ਭਾਰਤ ਸਰਕਾਰ ਦੇ ਇਸ ਫੈਸਲੇ ਉੱਤੇ ਦੁਖ ਪ੍ਰਗਟਾਉਂਦੇ ਹੋਏ ਕਿਹਾ ਹੈ ਕਿ 14 ਮਾਰਚ ਦੀ ਬੈਠਕਮੌਕੇ ਦੋਵੇਂ ਧਿਰਾਂ ਵਿਚਾਲੇ ਤੈਅ ਹੋਇਆ ਸੀ ਕਿ ਲਟਕਦੇ ਮੁੱਦਿਆਂ ਉੱਤੇਵਿਚਾਰ ਦੇ ਲਈ ਦੋ ਅਪ੍ਰੈਲ ਨੂੰ ਬੈਠਕ ਹੋਵੇਗੀ, ਪਰ ਭਾਰਤ ਵੱਲੋਂ ਆਖ਼ਰੀ ਦਿਨਾਂ ਵਿੱਚਤੇ ਖ਼ਾਸ ਤੌਰ ਉੱਤੇ 19 ਮਾਰਚ ਨੂੰ ਇਸ ਬਾਰੇ ਤਕਨੀਕੀ ਟੀਮ ਦੀ ਬੈਠਕ ਮਗਰੋਂ ਇਸ ਨੂੰ ਰੱਦ ਕਰ ਦਿੱਤਾ ਜਾਣਾ ਸਮਝ ਤੋਂ ਬਾਹਰ ਹੈ।

ਵਰਨਣ ਯੋਗ ਹੈ ਕਿ ਬੀਤੇ ਵੀਰਵਾਰ ਨੂੰ ਪਾਕਿਸਤਾਨ ਸਰਕਾਰ ਨੇ 10 ਮੈਂਬਰੀ ਟੀਮ ਦਾ ਐਲਾਨ ਕੀਤਾ ਸੀ, ਜਿਸ ਵਿੱਚ ਗੋਪਾਲ ਸਿੰਘ ਚਾਵਲਾ ਦੇ ਨਾਲ ਸ਼ਾਮਲ ਕੀਤੇ ਗਏ ਹੋਰ ਤਿੰਨ ਨਾਵਾਂ ਉੱਤੇ ਭਾਰਤ ਨੂੰ ਇਤਰਾਜ਼ ਹੈ। ਇਹ ਤਿੰਨ ਨਾਂ ਮਨਿੰਦਰ ਸਿੰਘ, ਬਿਸ਼ਨ ਸਿੰਘ ਤੇ ਕੁਲਜੀਤ ਸਿੰਘ ਹਨ, ਜਿਹੜੇ ਖ਼ਾਲਿਸਤਾਨ ਪੱਖੀ ਮੰਨੇ ਜਾਂਦੇ ਹਨ ਤੇ ਭਾਰਤ ਦੇ ਖਿਲਾਫ਼ ਹਿੰਸਾ ਦੀ ਹਮਾਇਤ ਕਰਦੇ ਹਨ। ਵਿਦੇਸ਼ ਮੰਤਰਾਲੇ ਦੇ ਸੂਤਰਾਂ ਮੁਤਾਬਕ ਇਨ੍ਹਾਂ ਚਾਰਾਂ ਨੂੰ ਭਾਰਤ ਦੀ ਪ੍ਰਭੂਸੱਤਾ ਨੂੰ ਚੁਣੌਤੀ ਦੇਣ ਵਾਲੇ ਤੇ ਵੱਖਵਾਦੀ ਤਾਕਤਾਂ ਦੇ ਹਮਾਇਤੀ ਵਜੋਂ ਜਾਣਿਆ ਜਾਂਦਾ ਹੈ। ਭਾਰਤ ਦੀ ਵੱਡੀ ਚਿੰਤਾ ਇਹ ਹੈ ਕਿ ਪਹਿਲੀ ਬੈਠਕ ਵਿਚ ਉਸ ਨੇ ਖ਼ਾਸ ਤੌਰ ਉੱਤੇ ਉੱਤੇ ਇਹ ਕਿਹਾ ਸੀ ਕਿ ਕਿਸੇ ਵੀ ਤਰੀਕੇ ਨਾਲ ਇਸ ਲਾਂਘੇ ਦੀ ਵਰਤੋਂ ਭਾਰਤ ਵਿਰੋਧੀ ਸਰਗਰਮੀਆਂ ਲਈ ਨਹੀਂ ਹੋਣੀ ਚਾਹੀਦੀ, ਫਿਰ ਵੀ ਪਾਕਿ- ਸਤਾਨ ਸਰਕਾਰ ਨੇ ਇਹ ਕਦਮ ਚੁੱਕਿਆ ਹੈ।

## ਜੱਜ ਦਾ ਫੁਰਮਾਨ: ਕੋਰਟ ਨੂੰ ਪੁਲਿਸ ਦੱਸੇ ਕਿ ਦਿੱਲੀ ਸਰਕਾਰ ਦੀ ਆਗਿਆ ਦੇ ਬਿਨਾਂ ਚਾਰਜਸ਼ੀਟ ਦਾਖਲ ਕਿਉਂ ਕੀਤੀ

### * ਮਾਮਲਾ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਾ

ਨਵੀਂ ਦਿੱਲੀ, 31 ਮਾਰਚ, (ਪੋਸਟ ਬਿਊਰੋ)- ਪ੍ਰਸਿੱਧ ਵਿਦਿਅਕ ਅਦਾਰੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ ਐੱਨ ਯੂ) ਵਿੱਚ 'ਟੁਕੜੇ-ਟੁਕੜੇ' ਵਾਲੇ ਮੁੱਦੇਬਾਰੇ ਅੱਜ ਦਿੱਲੀ ਦੇ ਪਟਿਆਲਾ ਹਾਊਸ ਕੋਰਟ ਵਿੱਚ ਸੁਣਵਾਈ ਮੌਕੇ ਡੀਸੀ ਪੀ (ਸਪੈਸ਼ਲ ਸੈੱਲ) ਦੇ ਹਾਜ਼ਰ ਨਾ ਹੋਣ ਉੱਤੇ ਕੋਰਟ ਨੇ ਨਾਰਾਜ਼ਗੀ ਜਤਾਈ। ਕੋਰਟ ਨੇ ਇਹ ਵੀ ਕਿਹਾ ਕਿ ਦਿੱਲੀ ਪੁਲਿਸ ਨੇ ਦਿੱਲੀ ਸਰਕਾਰ ਦੀ ਇਜਾਜ਼ਤ ਬਿਨਾਂਚਾਰਜਸ਼ੀਟ ਕਿਉਂ ਦਾਖਲ ਕੀਤੀ, ਇਹ ਵੀ ਦੱਸਿਆ ਜਾਵੇ।

ਇਹ ਪਹਿਲੀ ਵਾਰ ਹੈ ਕਿ ਜਵਾਹਰ ਲਾਲ ਨਹਿਰੂ ਵਿਸ਼ਵ ਵਿਦਿਆਲਾ ਵਿੱਚ ਹੋਈ ਨਾਅਰੇਬਾਜ਼ੀ ਵਾਲੇ ਕੇਸ ਵਿੱਚ ਦਿੱਲੀ ਪੁਲਿਸ ਦੀ ਸਪੈਸ਼ਲ ਸੈੱਲ ਨੂੰ ਪਟਿਆਲਾ ਹਾਊਸ ਕੋਰਟ ਤੋਂਫਿਟਕਾਰ ਪਈ ਹੈ।ਪਹਿਲਾਂ ਸੁਣਵਾਈਵੇਲੇ ਕੋਰਟ ਨੇ ਕਿਹਾ ਹੈ ਕਿ ਜਦੋਂ ਸਰਕਾਰ ਤੋਂ ਉਨ੍ਹਾਂ ਨੂੰ ਮਨਜ਼ੂਰੀ ਨਹੀਂ ਮਿਲੀ ਤਾਂ ਚਾਰਜਸ਼ੀਟ ਦਾਖਲ ਕਰਨਦੀ ਜਲਦੀ ਕੀ ਸੀ।


ਵਰਨਣ ਯੋਗ ਹੈ ਕਿ ਜੇ ਐੱਨਯੂ ਨਾਅਰੇਬਾਜ਼ੀ ਕੇਸ ਵਿੱਚ ਪੁਲਿਸ ਨੇ 1200 ਸਫੇ ਦੀ ਚਾਰਜਸ਼ੀਟ ਫਾਈਲ ਕੀਤੀ ਸੀ, ਪਰ ਜਨਵਰੀ ਵਿੱਚ ਜਦੋਂ ਉਹ ਕੋਰਟ ਵਿੱਚ ਇਸ ਨੂੰ ਪੇਸ਼ ਕਰਨ ਗਏ ਤਾਂ ਕੋਰਟ ਨੇ ਇਸ ਨੂੰ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਦਿੱਲੀ ਕੋਰਟ ਨੇ ਉਦੋਂ ਵੀ ਪੁੱਛਿਆ ਸੀ ਕਿ ਚਾਰਜਸ਼ੀਟ ਪੇਸ਼ ਕਰਨਦੀ ਦਿੱਲੀ ਸਰਕਾਰ ਤੋਂ ਮਨਜ਼ੂਰੀ ਕਿਉਂਨਹੀਂ ਲਈ। ਇਸ ਵਿੱਚ ਜੇ ਐੱਨ ਯੂ ਸਟੂਡੈਂਟਸ ਯੂਨੀਅਨ ਦੇ ਸਾਬਕਾ ਪ੍ਰਧਾਨ ਕਨ੍ਹਈਆ ਕੁਮਾਰ ਦੇ ਨਾਲ ਉਮਰ ਖਾਲਿਦ, ਅਨਿਬਰਾਨ ਭੱਟਾਚਾਰੀਆ, ਆਕਿਬ ਹੁਸੈਨ, ਮੁਜੀਬ ਹੁਸੈਨ, ਮੁਨੀਬ ਹੁਸੈਨ, ਉਮਰ ਗੁਲ, ਰਈਸ ਰਸੂਲ, ਬਸ਼ਰਤ ਅਲੀ ਤੇ ਖਾਲਿਦ ਬਸ਼ੀਰ ਭੱਟ ਦੇ ਨਾਮ ਹਨ। ਜਾਂਚ ਏਜੰਸੀ ਨੇ ਪੂਰੀ ਤਿਆਰੀ ਨਾਲ ਚਾਰਜਸ਼ੀਟ ਤਿਆਰ ਕੀਤੀ ਅਤੇ ਗਵਾਹਾਂ ਦੇ ਬਿਆਨ ਸੀ ਆਰ ਪੀ ਸੀ ਹੇਠ ਦਰਜ ਕੀਤੇ ਹਨ, ਬਿਆਨ ਤੋਂ ਬਦਲਣ ਉੱਤੇ ਉਨ੍ਹਾਂ ਨੂੰ ਸਜ਼ਾ ਮਿਲ ਸਕਦੀ ਹੈ। ਪੁਲਿਸ ਨੇ ਇਸ ਦੇ ਨਾਲ ਫੌਰੈਂਸਿਕ ਅਤੇ ਫੇਸਬੁਕ ਡਾਟਾ ਦੇ ਸਬੂਤ ਵੀ ਇਕੱਠੇ ਕੀਤੇ ਹਨ। ਸਪੈਸ਼ਲ ਸੈੱਲ ਵੱਲੋਂ ਪੇਸ਼ ਚਾਰਜਸ਼ੀਟ ਵਿੱਚ ਜੇ ਐੱਨਯੂ ਵਿਦਿਆਰਥੀ ਯੂਨੀਅਨ ਦੇ ਸਾਬਕਾ ਪ੍ਰਧਾਨ ਕਨ੍ਹਈਆ ਕੁਮਾਰ ਸਣੇ ਕਈ ਜਣਿਆਂ ਦੇ ਖਿਲਾਫ ਦੇਸ਼ਧ੍ਰੋਹ ਦੀ ਧਾਰਾ ਲਾਈ ਗਈ ਸੀ। ਕੋਰਟ ਇਸ ਧਾਰਾ ਵਿੱਚ ਸੀਆਰਪੀਸੀ ਦੀ ਧਾਰਾ-196 ਦਾ ਨੋਟਿਸ ਓਦੋਂ ਲੈ ਸਕਦੀ ਸੀ, ਜਦੋਂ ਦਿੱਲੀ ਸਰਕਾਰ ਦੀ ਮਨਜ਼ੂਰੀ ਮਿਲੇ। ਜੇ ਦਿੱਲੀ ਸਰਕਾਰ ਨੇ ਸਮੇਂ ਉੱਤੇ ਮਨਜ਼ੂਰੀ ਨਾ ਦਿੱਤੀ ਤਾਂ ਕੋਰਟ ਦੇਸ਼ਧ੍ਰੋਹ ਦਾ ਧਾਰਾ ਦਾ ਨੋਟਿਸ ਨਹੀਂ ਲਵੇਗਾ ਤੇ ਇਹ ਧਾਰਾ ਖਤਮ ਹੋ ਜਾਵੇਗੀ।

















# ਸੰਪਾਦਕੀ

## ਕੀ ਖੁਦ ਹੀ ਪੜ ਰਹੇ ਹਨ ਲਿਬਰਲ ਆਪਣੀ ਸਰਕਾਰ ਦਾ ਮਰਸੀਆ?

ਆਖਦੇ ਹਨ ਕਿ ਬੰਦੂਕ ਚੋਂ ਨਿਕਲੀ ਗੋਲੀ, ਮੂੰਹ ਚੋਂ ਨਿਕਲੀ ਗੱਲ ਕਦੇ ਵਾਪਸ ਨਹੀਂ ਆਉਂਦੀ। ਅੱਜ ਕੱਲ ਜੋ ਹਾਲਾਤ ਚੱਲ ਰਹੇ ਹਨ ਤਾਂ ਇਸ ਅਖਾਣ ਨਾਲ ਇੱਕ ਗੱਲ ਹੋਰ ਜੋੜੀ ਜਾ ਸਕਦੀ ਹੈ - ਲਿਬਰਲ ਖੇਮਿਆਂ ਵਿੱਚ ਉੱਠੀ ਹਰ ਆਵਾਜ਼ ਉਹਨਾਂ ਦਾ ਹੀ ਨੁਕਸਾਨ ਕਰਨੋਂ ਨਹੀਂ ਟਲ ਰਹੀ। ਕਿਹੋ ਜਿਹੇ ਅਜੀਬ ਦਿਨ ਹਨ ਜਿਹੜੇ ਨਿੱਤ ਦਿਨ ਰਮਾਇਣ ਦਾ ਪਾਠ ਚੇਤੇ ਕਰਵਾਉਂਦੇ ਹਨ ਜਿੱਥੇ ਘਰ ਦਾ ਭੇਤੀ ਹੀ ਲੰਕਾਂ ਢਾਹੁੰਦਾ ਹੈ। ਜੋਡੀ ਵਿਲਸਨ ਰੇਬਲਡ, ਜੇਨ ਫਿਲਪੌਟ, ਵਿੱਤ ਮੰਤਰੀ ਬਿੱਲ ਮੋਰਨੂ, ਪ੍ਰਧਾਨ ਮੰਤਰੀ ਦਾ ਪ੍ਰਿੰਸੀਪਲ ਸਕੱਤਰ ਜੇਰਾਲਡ ਬੱਟਸ ਅਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਸਮੇਤ ਜੋਰ ਕਿੰਨੇ ਹੀ ਹਨ ਜਿਹੜੇ ਲਿਬਰਲ ਸਰਕਾਰ ਦੀ ਹੋਂਦ ਨੂੰ ਨਵੀਆਂ ਤੋਂ ਨਵੀਆਂ ਦਿੱਕਤਾਂ ਪੈਦਾ ਕਰ ਰਹੇ ਹਨ।

ਹਾਲੇ ਇਹ ਆਖਣਾ ਮੁਸ਼ਕਲ ਹੈ ਕਿ ਇਸ ਹਫ਼ਤੇ ਹੋਣ ਜਾ ਰਹੀਆਂ ਸਿਆਸੀ ਉਥਲ ਪੁਥਲ ਦੀਆਂ ਘਟਨਾਵਾਂ ਵਿੱਚ ਜੋਡੀ ਵਿਲਸਨ ਅਤੇ ਜੇਨ ਫਿਲਪੌਟ ਦਾ ਲਿਬਰਲ ਪਾਰਟੀ ਵਿੱਚ ਕੋਈ ਸਥਾਨ ਹੋਵੇਗਾ ਜਾਂ ਨਹੀਂ। ਪਰ ਉਸਨੇ ਸਾਬਕਾ ਪ੍ਰੀਵੀ ਕਾਉਂਸਲ ਕਲਰਕ ਮਾਈਕਲ ਵਰਨਿੱਕ ਨਾਲ 19 ਦਸੰਬਰ 2018 ਨੂੰ ਹੋਈ ਫੋਨ ਗੱਲਬਾਤ ਦੀ ਰਿਕਾਰਡਿੰਗ ਰੀਲੀਜ਼ ਕਰਕੇ ਸਮੂਹ ਲਿਬਰਲ ਸਿਸਟਮ ਨੂੰ ਇੱਕ ਵਾਰ ਦੁਬਾਰਾ ਝੂਠ ਦੇ ਕਟਿਹਰੇ ਵਿੱਚ ਖੜਾ ਕਰ ਦਿੱਤਾ ਹੈ। ਉਹ ਸਿਸਟਮ ਜੋ ਆਪੂੰ ਘੜੇ ਸੱਚ ਨੂੰ ਉਠ ਦੇ ਬੁੱਲ ਵਾਗੂੰ ਥੱਲੇ ਨਹੀਂ ਸੀ ਡਿੱਗਣ ਦੇ ਰਿਹਾ ਕਿ ਐਸ ਐਨ ਸੀ ਲਾਵ-ਾਲਿਨ ਨੂੰ ਲੈ ਕੇ ਸਾਬਕਾ ਅਟਾਰਨੀ ਜਨਰਲ ਉੱਤੇ ਕੋਈ ਦਬਾਅ ਪਾਇਆ ਗਿਆ ਸੀ। ਇਸ ਮਹਾਨ-ਭਿਆਨਕ ਰਿਕਾਰਡਿੰਗ ਦੇ ਰੀਲੀਜ਼ ਤੋਂ ਬਾਅਦ ਲਿਬਰਲ ਪਾਰਟੀ ਉਸ ਸਥਾਨ ਉੱਤੇ ਪੁੱਜ ਗਈ ਹੈ ਜਿੱਥੇ ਇੱਕ ਮਿਆਨ ਵਿੱਚ ਦੋ ਤਲਵਾਰਾਂ ਨਹੀਂ ਸਮਾਈਆਂ ਜਾ ਸਕਦੀਆਂ ਭਾਵ ਹੁਣ ਜਾਂ ਜਸਟਿਨ ਟਰੂਡੋ ਲਿਬਰਲ ਲੀਡਰ ਬਣੇ ਰਹਿਣ ਜਾਂ ਜੋਡੀ ਵਿਲਸਨ ਨੂੰ ਕੱਢ ਦਿੱਤਾ ਜਾਵੇ। ਅਗਲੇ ਦੋ ਤਿੰਨ ਦਿਨ ਬਹੁਤ ਹੀ ਨਾਜ਼ੁਕ ਹੋਣਗੇ।

ਪ੍ਰਧਾਨ ਮੰਤਰੀ ਦੇ ਸਾਬਕਾ ਪ੍ਰਿੰਸੀਪਲ ਸਕੱਤਰ ਅਤੇ ਉਸਦਾ ਸੱਜਾ ਹੱਥ ਕਰਕੇ ਜਾਣੇ ਜਾਂਦੇ ਜੇਰ-ਾਰਲ ਬੱਟਸ ਨੇ ਕੱਲ ਕੁੱਝ ਈ ਮੇਲਾਂ, ਟੈਕਸਟ ਮੈਸੇਜ ਆਦਿ ਪਾਰਲੀਮਾਨੀ ਜਸਟਿਸ ਕਮੇਟੀ ਕੋਲ ਦਾਖ਼ਲ ਕਰਕੇ ਇੱਕ ਮੁੱਦੇ ਨੂੰ ਭਖਦਾ ਰੱਖਣ ਵਿੱਚ ਵੱਡਾ ਯੋਗਦਾਨ ਪਾਇਆ ਹੈ। ਉਸਦੀ ਕਾਰਵਾਈ ਨੂੰ ਜੋਡੀ ਵਿਲਸਨ ਵੱਲੋਂ ਰੀਲੀਜ਼ ਕੀਤੀ ਗਈ ਰਿਕਾਰਡਿੰਗ ਦੇ ਜਵਾਬ ਵਿੱਚ ਮੋੜਵਾਂ ਵਾਰ ਆਖਿਆ ਜਾ ਸਕਦਾ ਹੈ। ਲਿਬਰਲ ਬਹੁਮੱਤ ਨਾਲ ਲੈਸ ਜਸਟਿਸ ਕਮੇਟੀ ਦੇ ਚੇਅਰ ਐਂਥੋਨੀ ਹਾਊਸਫਾਦਰ ਨੇ ਭਰੋਸਾ ਦਿੱਤਾ ਹੈ ਕਿ ਇਹਨਾਂ ਈਮੇਲਾਂ ਅਤੇ ਟੈਕਸਟ ਮੈਸੇਜਾਂ ਨੂੰ ਇੱਕ ਦੋ ਦਿਨ ਵਿੱਚ ਅੰਗਰੇਜ਼ੀ ਤੋਂ ਫਰੈਂਚ ਵਿੱਚ ਉਲੱਥਾ ਕੀਤੇ ਜਾਣ ਤੋਂ ਬਾਅਦ ਜਨਤਕ ਕਰ ਦਿੱਤਾ ਜਾਵੇਗਾ। ਕੌਣ ਜਾਣਦਾ ਹੈ ਕਿ ਜੇਰਾਰਡ ਬੱਟਸ ਨੇ ਅਜਿਹਾ ਕਰਕੇ ਲਿਬਰਲ ਸਰਕਾਰ ਦੀ ਕੋਈ ਮਦਦ ਕੀਤੀ ਹੈ ਜਾਂ ਭਰਿੰਡਾਂ ਦਾ ਇੱਕ ਖੱਖਰ ਹੋਰ ਫਰੋਲਿਆ ਜਾਣ ਲੱਗਾ ਹੈ?

ਖੇਡ ਮਨੋਵਿਗਿਆਨ (sports psychology) ਵਿੱਚ ਇਸ ਧਾਰਨਾ ਨੂੰ ਆਮ ਮੰਨਿਆ ਜਾਂਦਾ ਹੈ ਕਿ ਜਦੋਂ ਕੋਈ ਟੀਮ ਹਾਰਨ ਲੱਗ ਪਵੇ ਤਾਂ ਕਈ ਵਾਰ ਖਿਡਾਰੀ ਡਿੱਗੇ ਮਨੋਬਲ ਦੇ ਦਬਾਅ ਵਿੱਚ ਵਿਰੋਧੀ ਧਿਰ ਦੇ ਹਮਲਿਆਂ ਦਾ ਮੁਕਾਬਲਾ ਕਰਨ ਦੀ ਥਾਂ ਆਪਣੀ ਹੀ ਟੀਮ ਦਾ ਨੁਕਸਾਨ ਕਰ ਬੈਠਦੇ ਹਨ। ਹਾਕੀ ਫੁੱਟਬਾਲ ਖੇਡਾਂ ਵਿੱਚ ਸੈਲਫ ਗੋਲ ਕਰਨ ਲੈਣਾ ਇਸਦੀ ਇੱਕ ਮਿਸਾਲ ਹੈ। ਜਸਟਿਨ ਟਰੂਡੋ ਹੋਰੀਂ ਅੱਜ ਕੱਲ ਇਸ ਮਨੋ-ਵਿਗਿਆਨ ਦਾ ਸ਼ਿਕਾਰ ਹੋ ਚੁੱਕੇ ਜਾਪਦੇ ਹਨ। ਹਰ ਈਵੈਂਟ ਉੱਤੇ ਬੋਲਣ ਲਈ ਸਲਾਹਕਾਰਾਂ ਵੱਲੋਂ ਟਰੂਡੋ ਹੋਰਾਂ ਨੂੰ 'ਸਪੀਕਿੰਗ ਨੋਟਸ' (speaking notes) ਦੇ ਕੇ ਭੇਜਿਆ ਜਾਂਦਾ ਹੈ ਪਰ ਉਹ ਆਪਣੇ ਜ਼ਿਹਨ ਦੇ ਚੱਕਰ ਵਿੱਚੋਂ ਨਿਕਲ ਨਹੀਂ ਪਾ ਰਹੇ। ਬੀਤੇ ਦਿਨ ਇੱਕ ਮੂਲਵਾਸੀ ਲਿਬਰਲ ਸਮਰੱਥਕ ਦੀ ਫੰਡ ਰੇਜ਼ਿੰਗ ਡਿਨਰ ਦੌਰਾਨ ਬੇਇੱਜ਼ਤੀ ਕਰਨੀ ਇਸ ਮਨੋਵਿਗਿਆਨਕ ਦਬਾਅ ਦੀ ਮਿਸਾਲ ਹੈ ਕਿਉਂਕਿ ਅਜਿਹਾ ਵਰਤਾਅ ਕਰਨਾ ਟਰੂਡੋ ਦੇ ਆਮ ਸੁਭਾਅ ਦਾ ਹਿੱਸਾ ਨਹੀਂ ਹੈ।

ਜੇਰਾਰਡਲ ਬੱਟਸ ਵੱਲੋਂ ਦਾਖਲ ਕੀਤੀਆਂ ਈ ਮੇਲਾਂ ਅਤੇ ਟੈਕਸਟ ਮੈਸੇਜ ਬਾਰੇ ਕੰਜ਼ਰਵੇਟਿਵ ਲੀਡਰ ਐਂਡਰੀਊ ਸ਼ੀਅਰ ਇਹ ਟਿੱਪਣੀ ਦਰੁਸਤ ਹੈ ਕਿ ਜਸਟਿਸ ਕਮੇਟੀ ਨੇ ਐਸ ਐਨ ਸੀ ਲਾਵਾਲਿਨ ਉੱਤੇ ਬਹਿਸ ਨੂੰ ਅਧੂਰਾ ਹੀ ਬੰਦ ਕਰ ਦਿੱਤਾ ਦਿੱਤਾ ਸੀ। ਐਂਡਰੀਊ ਸ਼ੀਅਰ ਇਸ ਗੱਲ ਨੂੰ ਭਲੀਭਾਂਤ ਸਮਝਦੇ ਹਨ ਕਿ ਐਸ ਐਨ ਸੀ ਲਾਵਾਲਿਨ ਮੁੱਦੇ ਦਾ ਹੋਰ ਲਟਕਦਾ ਚਲੇ ਜਾਣਾ 13 ਅਕਤੂਬਰ ਨੂੰ ਹੋਣ ਜਾ ਰਹੀਆਂ ਚੋਣਾਂ ਦੇ ਦਿਨ ਵਿੱਚੋਂ ਇੱਕ ਦਿਨ ਹੋਰ ਘੱਟ ਕਰ ਰਿਹਾ ਹੈ। ਪਰ ਐਂਡਰੀਊ ਸ਼ੀਅਰ ਨੂੰ 'ਹੋਰ ਵੀ ਗਮ ਹਨ ਮੁੱਹਬਤ ਤੋਂ ਬਿਨਾ' ਵਾਲੀ ਗੱਲ ਦਿਲ ਵਿੱਚ ਬਿਠਾ ਕੇ ਆਪਣੇ ਪਲੇਟਫਾਰਮ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਜਿੱਥੇ ਤੱਕ ਲਿਬਰਲਾਂ ਦਾ ਸੁਆਲ ਹੈ, ਉਹ ਆਪਣੀ ਸਰਕਾਰ ਦਾ ਮਰਸੀਆ ਪੜਨ ਦੀ ਜ਼ੁੰਮੇਵਾਰੀ ਬਾਖੂਬੀ ਨਿਭਾ ਰਹੇ ਹਨ।

# ਅਮਰੀਕਾ ਵੱਲੋਂ ਚੀਨ ਦੀ ਵੰਨ ਬੈਲਟ ਵੰਨ ਰੋਡ ਅੱਗੇ ਅੜਿੱਕਾ

ਵਾਸ਼ਿੰਗਟਨ, 31 ਮਾਰਚ, (ਪੋਸਟ ਬਿਊਰੋ)- ਅਮਰੀਕਾ ਦੇ ਵਿਦੇਸ਼ ਮੰਤਰੀ ਮਾਈਕ ਪੋਂਪੀਓ ਨੇ ਚੀਨ ਦੇ ਅਹਿਮ ਪ੍ਰੋਜੈਕਟ 'ਵੰਨ ਬੈਲਟ ਵੰਨ ਰੋਡ' ਹੇਠ ਦੁਨੀਆ ਭਰ ਵਿੱਚ ਚੱਲਦੇ ਪ੍ਰੋਜੈਕਟਾਂ ਉੱਤੇ ਸਵਾਲ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਵਿੱਚ ਆਰਥਿਕ ਹਿੱਤਾਂ ਤੋਂ ਵੱਧ ਕੌਮੀ ਸੁਰੱਖਿਆ ਵੇਖਣੀਪੈਣੀ ਹੈ। ਪੋਂਪੀਓ ਨੇ ਕਿਹਾ ਕਿ ਚੀਨ, ਅਮਰੀਕਾ ਤੇ ਸਹਿਯੋਗੀ ਦੇਸ਼ਾਂ ਲਈ ਸੁਰੱਖਿਆ ਖ਼ਤਰਾ ਪੈਦਾ ਕਰ ਰਿਹਾ ਹੈ।

ਵਰਨਣ ਯੋਗ ਹੈ ਕਿ ਅਰਬਾਂ ਡਾਲਰ ਦੀ ਲਾਗਤ ਨਾਲ ਤਿਆਰ ਹੋ ਰਿਹਾ ਇਹ ਪ੍ਰੋਜੈਕਟ ਚੀਨ ਦੇ ਨਾਲ ਏਸ਼ੀਆਈ, ਅਫ਼ਰੀਕੀ ਤੇ ਯੂਰਪੀ ਦੇਸ਼ਾਂ ਦੇ ਨਾਲ ਸੰਪਰਕ ਤੇ ਸਹਿਯੋਗ ਨੂੰ ਬਿਹਤਰ ਕਰਨ ਉੱਤੇ ਟਿਕਿਆ ਹੈ। ਪੋਂਪੀਓ ਨੇ ਅੱਜ ਇਕ ਪ੍ਰੋਗਰਾਮ ਵਿੱਚ ਕਿਹਾ ਕਿ ਉਹ ਦੱਖਣੀ ਚੀਨ ਸਾਗਰਨੂੰ ਇਸ ਲਈ ਨਹੀਂ ਜਾ ਰਹੇ ਕਿ ਉਹ ਆਜ਼ਾਦ ਆਵਾਜਾਈ ਚਾਹੁੰਦੇ ਹਨ। ਉਹ ਦੁਨੀਆ ਵਿੱਚ ਬੰਦਰਗਾਹਾਂ ਬਣਾਉਣ ਦੀ ਕੋਸ਼ਿਸ਼ ਇਸ ਲਈ ਨਹੀਂ ਕਰਦੇ ਕਿ ਉਹ ਬਿਹਤਰ ਜਹਾਜ਼ ਨਿਰਮਾਤਾ ਬਣਨਾ ਚਾਹੁੰਦੇ ਹਨ, ਸਗੋਂ ਉਨ੍ਹਾਂ ਦੇ ਹਰ ਕੰਮ ਵਿੱਚ ਕੌਮੀ ਸੁਰੱਖਿਆ ਦਾ ਤੱਤ ਹੈ, ਬੈਲਟ ਐਂਡ ਰੋਡ ਪ੍ਰਾਜੈਕਟ ਵੀ ਇਸ ਤੋਂ ਵੱਖ ਨਹੀਂ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਖ਼ਾਸ ਤੌਰ ਉੱਤੇ ਏਸ਼ੀਆ ਤੇ ਦੱਖਣ-ਪੂਰਬੀ ਏਸ਼ੀਆ ਇਸ ਖ਼ਤਰੇ ਬਾਰੇ ਜਾਗਰੂਕ ਹੋ ਰਿਹਾ ਹੈ ਤੇ ਆਸ ਹੈ ਕਿ ਵਿਦੇਸ਼ ਮੰਤਰਾਲਾ ਤੈਅ ਕਰ ਸਕਦਾ ਹੈ ਕਿ ਚੀਨ ਦਾ ਇਨ੍ਹਾਂ ਸਰਗਰਮੀਆਂ ਵਿੱਚ ਸ਼ਾਮਲ ਹੋਣਾ ਵੱਧ ਔਖਾ ਹੋ ਜਾਵੇਗਾ।

ਪੋਂਪੀਓ ਦਾ ਇਹ ਬਿਆਨ ਓਦੋਂ ਆਇਆ ਹੈ, ਜਦੋਂ ਚੀਨ ਅਗਲੇ ਮਹੀਨੇ ਦੂਜਾ ਬੈਲਟ ਐਂਡ ਰੋਡ ਫੋਰਮ ਕਰਨ ਦੀ ਤਿਆਰੀ ਕਰ ਰਿਹਾ ਹੈ। ਭਾਰਤ ਨੇ ਚੀਨ ਦੇ ਦੂਜੇ ਫੋਰਮ ਦਾ ਵੀ ਬਾਈਕਾਟ ਕੀਤਾ ਹੈ।ਪਾਕਿਸਤਾਨ ਵਿੱਚ ਬਣ ਰਹੇ ਚੀਨ-ਪਾਕਿਸਤਾਨ ਆਰਥਿਕ ਗਲਿਆਰੇ (ਸੀਪੀਈਸੀ) ਉੱਤੇ ਭਾਰਤ ਆਪਣਾ ਇਤਰਾਜ਼ ਪੇਸ਼ ਕਰ ਚੁੱਕਾ ਹੈ ਕਿਉਂਕਿ ਇਹ ਪ੍ਰੋਜੈਕਟ ਮਕਬੂਜ਼ਾ ਕਸ਼ਮੀਰ ਵਿੱਚੋਂ ਲੰਘਦਾ ਹੈ। ਕਰੀਬ ਤਿੰਨ ਹਜ਼ਾਰ ਕਿਲੋਮੀਟਰ ਲੰਮੇ ਇਸ ਪ੍ਰੋਜੈਕਟ ਦਾ ਮੰਤਵ ਚੀਨ ਤੇ ਪਾਕਿਸਤਾਨ ਦਾ ਰੇਲ, ਸੜਕ, ਪਾਈਪਲਾਈਨ, ਆਪਟੀਕਲ ਫਾਈਬਰ ਕੇਬਲ ਨੈੱਟਵਰਕ ਨਾਲ ਜੋੜਨ ਦਾ ਹੈ।

ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

# ਅੱਤਵਾਦੀ ਫੰਡਿੰਗ ਰੋਕਣ ਵਾਲਾ ਮਤਾ ਯੂ ਐੱਨ ਸੁਰੱਖਿਆ ਕੌਂਸਲ ਵੱਲੋਂ ਪਾਸ

ਯੂ ਐੱਨ ਓ, 31 ਮਾਰਚ, (ਪੋਸਟ ਬਿਊਰੋ)- ਅੱਤਵਾਦੀਆਂ ਦੀ ਫੰਡਿੰਗਰੋਕਣ ਲਈ ਯੂ ਐੱਨ ਓਸਕਿਓਰਟੀ ਕੌਂਸਲ ਨੇ ਇਸ ਵੀਰਵਾਰ ਨੂੰ ਸਰਬਸੰਮਤੀ ਨਾਲ ਮਤਾ ਪਾਸ ਕਰ ਕੇ ਦੁਨੀਆ ਦੇ ਸਾਰੇ ਦੇਸ਼ਾਂ ਨੂੰ ਅੱਤਵਾਦੀ ਫੰਡਿੰਗ ਰੋਕਣ ਲਈ ਕਿਹਾ ਹੈ। ਭਾਰਤ ਨੇ ਇਸ ਦਾ ਸਵਾਗਤ ਕਰਨਦੇ ਨਾਲ ਇਸ ਨੂੰ ਸਖ਼ਤੀ ਨਾਲ ਲਾਗੂ ਕਰਨ ਨੂੰ ਕਿਹਾ ਹੈ।

ਫਰਾਂਸ ਨੇ ਇਹ ਮਤਾ ਸੁਰੱਖਿਆ ਕੌਂਸਲ ਵਿਚ 'ਅੱਤਵਾਦੀਆਂ ਨੂੰ ਫੰਡਿੰਗ ਕਰਨ ਦੇ ਖ਼ਿਲਾਫ਼ ਮੁਕਾ-ਬਲਾ' ਵਿਸ਼ੇਦੀ ਚਰਚਾ ਦੌਰਾਨ ਪੇਸ਼ ਕੀਤਾ ਸੀ। ਇਹ ਮਤਾ ਪੇਸ਼ ਕਰਦੇ ਸਮੇਂ ਫਰਾਂਸ ਦੇ ਵਿਦੇਸ਼ ਮੰਤਰੀ ਜੀਨ-ਯਵੇਸ ਲੈਡਰੀਅਨ ਨੇ ਕਿਹਾ ਸੀ ਕਿ ਅੰਤਰਰਾਸ਼ਟਰੀ ਭਾਈਚਾਰੇ ਨੂੰ ਅੱਤਵਾਦ ਦਾ ਮੁਕਾਬਲਾ ਕਰਨ ਲਈ ਇਸ ਦੀ ਜੜ੍ਹ, ਫੰਡਿੰਗ ਉੱਤੇ ਹਮਲਾ ਕਰਨਾ ਚਾਹੀਦਾ ਹੈ। ਮਤਾ ਪਾਸ ਹੋਣ ਉੱਤੇਯੂ ਐੱਨ ਵਿਚ ਭਾਰਤ ਦੇ ਸਥਾਈ ਨੁਮਾਇੰਦੇ ਸਈਦ ਅਕਬਰੂਦੀਨ ਨੇ ਕਿਹਾ, 'ਅਸੀਂ ਮਤੇ ਵਿਚ ਫਾਈਨੈਂਸ਼ੀਲ ਐਕਸ਼ਨ ਟਾਸਕ ਫੋਰਸ (ਐੱਫ ਏਟੀ ਐੱਫ) ਦੀ ਵੱਡੀ ਭੂਮਿਕਾ ਨੂੰ ਮਨਜ਼ੂਰੀ ਦਾ ਸਵਾਗਤ ਕਰਦੇ ਹਾਂ। ਸੁਰੱਖਿਆ ਕੌਂਸਲ ਨੂੰ ਅੱਤਵਾਦੀ ਫੰਡਿੰਗ ਨਾਲ ਜੁੜੇ ਆਪਣੇ ਮਤਿਆਂ ਨੂੰ ਸਖ਼ਤੀ ਨਾਲ ਲਾਗੂ ਕਰਨ ਲਈ ਹੋਰ ਠੀਕ ਕੰਮ ਕਰਨ ਦੀ ਲੋੜ ਹੈ। ਅਕਬਰੂਦੀਨ ਨੇ ਇਹ ਮੰਗ ਵੀ ਰੱਖੀ ਕਿ ਯੂ ਐੱਨ ਓ ਦੀ ਸੂਚੀ ਵਿੱਚ ਅੱਤਵਾਦੀ ਜਥੇਬੰਦੀਆਂ ਉੱਤੇ ਲੱਗੀਆਂ ਪਾਬੰਦੀਆਂ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇ।

ਵਰਨਣ ਯੋਗ ਹੈ ਕਿ ਸੁਰੱਖਿਆ ਕੌਂਸਲ ਵੱਲੋਂ ਪਾਸ ਕੀਤੇ ਇਸ ਮਤੇ ਵਿੱਚ ਅੱਤਵਾਦੀ ਫੰਡਿੰਗ ਰੋਕਣ ਉੱਤੇਜ਼ੋਰ ਦਿੱਤਾ ਗਿਆ ਅਤੇ ਮੈਂਬਰ ਦੇਸ਼ਾਂ ਤੋਂ ਅੱਤਵਾਦੀਆਂ ਨੂੰ ਮਿਲਦੀ ਵਿੱਤੀ ਮਦਦ ਬੰਦ ਕਰਨ ਲਈ ਬੇਨਤੀ ਗਈ ਹੈ।

ਸੁਰੱਖਿਆ ਕੌਂਸਲ ਵਿੱਚ ਚਰਚਾ ਵੇਲੇ ਸਈਦ ਅਕਬਰੂਦੀਨ ਨੇ ਪਾਕਿਸਤਾਨ ਦਾ ਨਾਂ ਲਏ ਬਿਨਾਂ ਕਿਹਾ, 'ਅੱਤਵਾਦ ਦੇ ਸਮਰਥਕ ਦੇਸ਼ ਨਹੀਂ ਸੁਧਰਨਗੇ। ਜਿਹੜੇ ਦੇਸ਼ ਅੱਤਵਾਦੀਆਂ ਦਾ ਸਮਰਥਨ ਕਰਦੇ ਹਨ, ਉਹ ਆਪਣੀਆਂ ਕਰਤੂਤਾਂ ਦਾ ਬਚਾਅ ਕਰਨ ਅਤੇ ਕਾਰਵਾਈ ਨਾ ਕਰਨ ਲਈ ਬਹਾਨਾ ਬਣਾਉਂਦੇ ਹਨ।'

# ਸਾਊਦੀ ਅਰਬ ਵਿੱਚ ਕੈਦੀ ਔਰਤਾਂ ਨੂੰ ਤਸੀਹੇ ਦਿੱਤੇ ਜਾਣ ਦਾ ਦੋਸ਼

ਰਿਆਧ, 31 ਮਾਰਚ (ਪੋਸਟ ਬਿਊਰੋ)- ਸਾਊਦੀ ਅਰਬ 'ਚ ਕਰੀਬ ਇਕ ਸਾਲ ਜਾਂ ਇਸ ਤੋਂ ਵੱਧ ਸਮੇਂ ਤੋਂ ਕੈਦ ਕਈ ਮਨੁੱਖੀ ਅਧਿਕਾਰ ਵਰਕਰਾਂ ਨੇ ਤਸੀਹੇ ਦੇਣ ਦਾ ਦੋਸ਼ ਲਾਇਆ ਅਤੇ ਅਦਾਲਤ ਨੂੰ ਆਪਬੀਤੀ ਦੱਸੀ ਅਤੇ ਪੁੱਛਗਿੱਛ ਦੌਰਾਨ ਤਸੀਹੇ ਦੇਣ ਅਤੇ ਜਿਨਸੀ ਸ਼ੋਸ਼ਣ ਦਾ ਦੋਸ਼ ਲਾਇਆ।

ਮਨੁੱਖੀ ਅਧਿਕਾਰ ਗਰੁੱਪਾਂ ਦਾ ਕਹਿਣਾ ਹੈ ਕਿ ਇਸ ਹਾਈ ਪ੍ਰੋਫਾਈਲ ਕੇਸ ਦੀ ਦੂਜੀ ਸੁਣਵਾਈ ਦੌਰਾਨ ਵਿਦੇਸ਼ੀ ਪੱਤਰਕਾਰਾਂ ਅਤੇ ਕੂਟਨੀਤਕਾਂ ਨੂੰ ਅਦਾਲਤ 'ਚ ਜਾਣ ਤੋਂ ਰੋਕ ਦਿੱਤਾ ਗਿਆ ਸੀ। ਰਿਆਧ ਦੀ ਅਪਰਾਧਿਕ ਅਦਾਲਤ ਦੀ ਤਿੰਨ ਮੈਂਬਰੀ ਬੈਂਚ ਇਸ ਮਾਮਲੇ ਦੀ ਸੁਣਵਾਈ ਕਰ ਰਹੀ ਹੈ। ਅਦਾਲਤ 'ਚ ਪੇਸ਼ੀ ਦੌਰਾਨ 11 ਔਰਤ ਮੁਲਜ਼ਮਾਂ 'ਚੋਂ ਕੁਝ ਨੂੰ ਰੋਂਦੇ ਅਤੇ ਇਕ ਦੂਜੇ ਨੂੰ ਹੌਸਲਾ ਦਿੰਦੇ ਦੇਖਿਆ ਗਿਆ। ਸੁਣਾਈ ਦੌਰਾਨ ਉਨ੍ਹਾਂ ਦੇ ਪਰਵਾਰਕ ਮੈਂਬਰ ਵੀ ਮੌਜੂਦ ਸਨ। ਸੁਣਵਾਈ ਮੌਕੇ ਮੌਜੂਦ ਰਹੇ ਦੋ ਲੋਕਾਂ ਨੇ ਕਿਹਾ ਕਿ ਔਰਤਾਂ ਨੇ ਕੋਰਟ ਨੂੰ ਕਿਹਾ ਕਿ ਪੁੱਛਗਿੱਛ ਕਰਨ ਵਾਲੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਬਿਜਲੀ ਦੇ ਝਟਕੇ ਦਿੱਤੇ ਅਤੇ ਮਾਰਕੁੱਟ ਕੀਤੀ। ਤਸੀਹਿਆਂ ਤੋਂ ਤੰਗ ਆ ਕੇ ਇਕ ਔਰਤ ਨੇ ਆਤਮ ਹੱਤਿਆ ਦੀ ਕੋਸ਼ਿਸ਼ ਕੀਤੀ ਸੀ। ਇਸ ਕੇਸ ਦੀ ਅਗਲੀ ਸੁਣਵਾਈ ਤਿੰਨ ਅਪ੍ਰੈਲ ਨੂੰ ਹੋਵੇਗੀ। ਪਿਛਲੇ ਸਾਲ ਗਰਮੀ 'ਚ ਵਰਕਰਾਂ 'ਤੇ ਕੀਤੀ ਕਾਰਵਾਈ ਦੌਰਾਨ ਕੈਦੀ ਬਣਾਈਆਂ ਗਈਆਂ ਇਨ੍ਹਾਂ ਔਰਤਾਂ 'ਚ ਚਰਚਿਤ ਮਨੁੱਖੀ ਅਧਿਕਾਰ ਵਰਕਰ ਲੋਜ਼ਨ-ਅਲ-ਹਥਲੌਲ, ਬਲਾਗਰ ਇਮਾਨ ਅਲ-ਨਫਜਨ ਅਤੇ ਪ੍ਰੋਫੈਸਰ ਹਾਤੂਨ ਅਲ-ਫਾਸੀ ਵੀ ਹਨ। ਇਹ ਕਾਰਵਾਈ ਸਾਊਦੀ ਅਰਬ 'ਚ ਔਰਤਾਂ ਦੀ ਡਰਾਈਵਿੰਗ 'ਤੇ ਦਹਾਕਿਆਂ ਤੋਂ ਲੱਗੀ ਪਾਬੰਦੀ ਨੂੰ ਹਟਾਉਣ ਤੋਂ ਕੁਝ ਸਮਾਂ ਪਹਿਲਾਂ ਕੀਤੀ ਗਈ ਸੀ। ਇਸ ਲਈ ਔਰਤਾਂ ਲੰਬੇ ਸਮੇਂ ਤੋਂ ਮੁਹਿੰਮ ਚਲਾ ਰਹੀਆਂ ਸਨ।

# ਗਰਭ ਨਿਰੋਧਕ ਜਿਊਲਰੀ ਬਰਥ ਕੰਟਰੋਲ ਵਿੱਚ ਮਦਦ ਕਰੇਗੀ

ਤਿਬਲਿਸੀ (ਜਾਰਜੀਆ), 31 ਮਾਰਚ (ਪੋਸਟ ਬਿਊਰੋ)- ਜਾਰਜੀਆ ਇੰਸਟੀਚਿਊਟ ਆਫ ਟੈਕਨਾਲੋਜੀ ਦੇ ਖੋਜਕਾਰਾਂ ਨੇ ਗਰਭ ਨਿਰੋਧਕ ਹਾਰਮੋਨ ਨੂੰ ਬੈਂਕਿੰਗਸ ਰਾਹੀਂ ਪ੍ਰਸ਼ਾਸਿਤ (ਐਨਮਨਿਸਟਰ) ਕਰਨ ਲਈ ਇੱਕ ਤਕਨੀਕ ਵਿਕਸਤ ਕੀਤੀ ਹੈ। ਇਨ੍ਹਾਂ ਬੈਂਕਿੰਗਸ ਨੂੰ ਈਅਰਰਿੰਗਸ, ਘੜੀਆਂ ਅਤੇ ਅੰਗੂਠੀ ਵਰਗੀ ਜਿਊਲਰੀ ਦੇ ਪਿੱਛੇ ਲਾਇਆ ਗਿਆ ਹੈ। ਇਸ ਨੂੰ ਕੰਟ੍ਰਾਸੈਪਟਿਵ ਜਿਊਲਰੀ ਦਾ ਨਾਂਅ ਦਿੱਤਾ ਗਿਆ ਹੈ, ਜਿਸ ਦਾ ਫਿਲਹਾਲ ਖੋਜੀ ਪ੍ਰੀਖਣ ਕਰ ਰਹੇ ਹਨ।

ਪਤਾ ਲੱਗਾ ਹੈ ਕਿ ਇਸ ਵਿੱਚ ਜਿਊਲਰੀ ਦੇ ਉਸ ਹਿੱਸੇ 'ਤੇ ਹਾਰਮੋਨ ਸਥਿਤ ਪੈਚ ਲਾਏ ਜਾਂਦੇ ਹਨ, ਜਿਨ੍ਹਾਂ ਦੀ ਸਕਿਨ ਦੇ ਟੱਚ 'ਚ ਆਉਣ ਦੀ ਸੰਭਾਵਨਾ ਵੱਧ ਹੁੰਦੀ ਹੈ ਜਿਵੇਂ ਕਿ ਈਅਰਰਿੰਗਸ ਜਾਂ ਫਿਰ ਘੜੀ ਦਾ ਪਿਛਲਾ ਹਿੱਸਾ। ਜਨਰਲ ਆਫ ਕੰਟਰੋਲਡ ਰਿਲੀਜ਼ ਵਿੱਚ ਪ੍ਰਕਾਸ਼ਿਤ ਰਿਪੋਰਟ ਮੁਤਾਬਕ ਸ਼ੁਰੂ ਦੇ ਪ੍ਰੀਖਣ ਤੋਂ ਪਤਾ ਲੱਗਾ ਹੈ ਕਿ ਜੋ ਮਹਿਲਾ ਗਰਭ ਨਿਰੋਧਕ ਜਿਊਲਰੀ ਪਹਿਨੇਗੀ, ਉਸ ਨੂੰ ਗਰਭ ਨਿਰੋਧਕ ਹਾਰਮੋਨਸ ਦੀ ਭਰਪੂਰ ਮਾਤਰਾ ਮਿਲੇਗੀ, ਜੋ ਬਰਥ ਕੰਟਰੋਲ ਦੇ ਤੌਰ 'ਤੇ ਕੰਮ ਕਰੇਗੀ। ਹਾਲਾਂਕਿ ਇਹ ਪ੍ਰੀਖਣ ਹਾਲੇ ਤੱਕ ਇਨਸਾਨ 'ਤੇ ਨਹੀਂ ਕੀਤਾ ਗਿਆ ਹੈ।

ਇਸ ਬਾਰੇ ਜਾਰਜੀਆ ਇੰਸਟੀਚਿਊਟ ਆਫ ਟੈਕਨਾਲੋਜੀ ਦੇ ਸਕੂਲ ਆਫ ਕੈਮੀਕਲ ਐਂਡ ਬਾਇਮਾਲੀਕਿਊਲਰ ਇੰਜੀਨੀਅਰਿੰਗ 'ਚ ਪ੍ਰੋਫੈਸਰ ਮਾਰਕ ਪ੍ਰਸੂਨੀਟਜ ਨੇ ਕਿਹਾ ਕਿ ਜਿੰਨੇ ਵੱਧ ਗਰਭ ਨਿਰੋਧਕ ਬਦਲ ਮੌਜੂਦ ਹੋਣਗੇ, ਓਨੀ ਔਰਤਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਦੀ ਵੱਧ ਸੰਭਾਵਨਾ ਹੋਵੇਗੀ। ਉਨ੍ਹਾਂ ਕਿਹਾ ਕਿ ਤਕਨੀਕ ਰਾਹੀਂ ਔਰਤਾਂ ਗੈਰ-ਨਿਯੋਜਤ ਗਰਭ ਅਵਸਥਾ ਤੋਂ ਖੁਦ ਦਾ ਬਚਾਅ ਕਰ ਸਕਦੀਆਂ ਹਨ। ਇਸ ਸਟੱਡੀ ਲਈ ਪ੍ਰੋਫੈਸਰ ਮਾਰਕ ਅਤੇ ਉਨ੍ਹਾਂ ਦੇ ਸਾਥੀਆਂ ਨੇ ਜਾਨਵਰਾਂ 'ਤੇ ਇਹ ਪ੍ਰੀਖਣ ਕੀਤਾ। ਸਭ ਤੋਂ ਪਹਿਲਾਂ ਉਨ੍ਹਾਂ ਨੇ ਪੈਚੇਸ ਨੂੰ ਸੂਰਾਂ ਦੇ ਕੰਨ 'ਤੇ ਟੈਸਟ ਕੀਤਾ ਅਤੇ ਫਿਰ ਬਿਨਾਂ ਵਾਲ ਵਾਲੇ ਚੂਹਿਆਂ ਦੀ ਸਕਿਨ 'ਤੇ ਟੈਸਟ ਕੀਤਾ। ਖੋਜਕਾਰਾਂ ਨੇ ਉਨ੍ਹਾਂ ਪੈਚੇਸ ਨੂੰ ਜਾਨਵਰਾਂ 'ਤੇ ਲਗਭਗ 16 ਘੰਟਿਆਂ ਤੱਕ ਰੱਖਿਆ ਅਤੇ ਫਿਰ ਕਰੀਬ ਅੱਠ ਘੰਟੇ ਲਈ ਉਹ ਜਿਊਲਰੀ ਵਾਲੇ ਪੈਚ ਕੱਢ ਕੇ ਰੱਖ ਦਿੱਤੇ। ਟੈਸਟ ਵਿੱਚ ਸਾਹਮਣੇ ਆਇਆ ਕਿ ਪੈਚੇਸ ਨੂੰ ਹਟਾਏ ਜਾਣ ਤੋਂ ਬਾਅਦ ਗਰਭ ਨਿਰੋਧਕ ਹਾਰਮੋਨ ਦਾ ਪੱਧਰ ਕਾਫੀ ਘੱਟ ਗਿਆ, ਜਿਸ ਤੋਂ ਇਹ ਅਨੁਮਾਨਲਾਇਆ ਗਿਆ ਕਿ ਜਿਨ੍ਹਾਂ ਔਰਤਾਂ ਦੇ ਖੂਨ 'ਚ ਗਰਭ ਨਿਰੋਧਕ ਹਾਰਮੋਨ ਦੀ ਲੋੜੀਂਦੀ ਮਾਤਰਾ ਨਹੀਂ ਹੈ, ਉਨ੍ਹਾਂ ਵਿੱਚ ਇਹ ਤਕਨੀਕ ਇੱਕ ਭਰੋਸੇਯੋਗ ਗਰਭ ਨਿਰੋਧਕ ਦੇ ਤੌਰ 'ਤੇ ਕੰਮ ਕਰ ਸਕਦੀ ਹੈ।

# ਮਹਾਰਾਣੀ ਐਲਿਜ਼ਾਬੈਥ ਵੱਲੋਂ ਬ੍ਰਿਟੇਨ ਵਿਚਲੇ ਭਾਰਤੀ ਡਾਕਟਰਾਂ ਦੇ ਯੋਗਦਾਨ ਦੀ ਸ਼ਲਾਘਾ

ਲੰਡਨ, 31 ਮਾਰਚ (ਪੋਸਟ ਬਿਊਰੋ)- ਮਹਾਰਾਣੀ ਐਲਿਜ਼ਾਬੈਥ ਨੇ ਬੀਤੇ ਦਿਨ ਬ੍ਰਿਟੇਨ 'ਚ ਭਾਰਤੀ ਹਾਈ ਕਮਿਸ਼ਨ ਰੁਚੀ ਘਨਸ਼ਿਆਮ ਨਾਲ ਚਰਚਾ ਦੌਰਾਨ ਏਥੇ ਨੈਸ਼ਨਲ ਹੈਲਥ ਸਰਵਿਸ (ਐੱਨ ਐੱਚ ਐੱਸ) ਦੇ ਲਗਭਗ 60 ਹਜ਼ਾਰ ਭਾਰਤੀ ਡਾਕਟਰਾਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਮਹਾਰਾਣੀ ਐਲਿਜ਼ਾਬੈਥ (92) ਨੇ ਬਕਿੰਘਮ ਪੈਲੇਸ ਵਿੱਚ ਆਯੋਜਤ ਇੱਕ ਸਮਾਰੋਹ 'ਚ ਰੁਚੀ ਘਨਸ਼ਿਆਮ ਦਾ ਸਵਾਗਤ ਕੀਤਾ। ਬ੍ਰਿਟੇਨ ਵਿੱਚ ਨਵੇਂ ਦੂਤ ਦੇ ਕਾਰਜਕਾਲ ਦੀ ਰਸਮੀ ਸ਼ੁਰਆਤ ਦੇ ਪ੍ਰੋਗਰਾਮ ਵਿੱਚ ਆਪਣੇ ਪਤੀ ਏ ਆਰ ਘਨਸ਼ਿਆਮ ਨਾਲ ਆਈ ਰੁਚੀ ਨੇ ਕਿਹਾ ਕਿ ਅਸੀਂ ਭਾਰਤ-ਬ੍ਰਿਟੇਨ ਸੰਬੰਧਾਂ ਬਾਰੇ ਬੜੀ ਚੰਗੀ ਤਰ੍ਹਾਂ ਚਰਚਾ ਕੀਤੀ। ਮਹਾਰਾਣੀ ਨੇ ਬਹੁਤ ਗਰਮਜੋਸ਼ੀ ਨਾਲ ਮੇਰਾ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਅਸੀਂ ਕਈ ਚੀਜ਼ਾਂ ਬਾਰੇ ਗੱਲ ਕੀਤੀ, ਜੋ ਸਾਨੂੰ ਇੱਕੋ ਲੜੀ ਵਿੱਚ ਪਿਰੋਂਦੀ ਹੈ। ਇਨ੍ਹਾਂ 'ਚੋਂ ਜ਼ਿਆਦਾਤਰ ਨਿਸ਼ਚਿਤ ਰੂਪ ਨਾਲ ਭਾਰਤੀ ਪ੍ਰਵਾਸੀ ਹਨ। ਮੈਂ ਪਿਛਲੇ ਹਫਤੇ ਬਰਮਿੰਘਮ 'ਚ ਇੱਕ ਸਿਹਤ ਸੇਵਾ ਪ੍ਰੋਗਰਾਮ ਬਾਰੇ ਮਹਾਰਾਣੀ ਨੂੰ ਦੱਸਿਆ। ਮੈਨੂੰ ਉਥੇ ਪਤਾ ਲੱਗਾ ਕਿ ਬ੍ਰਿਟੇਨ ਦੀ ਐੱਨ ਐੱਚ ਐੱਸ 'ਚ ਲਗਭਗ 60 ਹਜ਼ਾਰ ਭਾਰਤੀ ਡਾਕਟਰ ਹਨ। ਇਸ 'ਤੇ ਮਹਾਰਾਣੀ ਨੇ ਕਿਹਾ ਕਿ ਉਹ ਇਸ ਗੱਲ ਦੀ ਕਲਪਨਾ ਵੀ ਨਹੀਂ ਕਰ ਸਕਦੀ ਕਿ ਐੱਨ ਐੱਚ ਐੱਸ ਉਨ੍ਹਾਂ ਤੋਂ ਬਿਨਾਂ ਕਿਵੇਂ ਕੰਮ ਕਰੇਗਾ। ਭਾਰਤ ਦੇ ਡਾਕਟਰਾਂ ਨੂੰ ਅਕਸਰ ਬ੍ਰਿਟੇਨ ਦੀ ਸਿਹਤ ਸੇਵਾ ਦੀ ਰੀੜ ਦੀ ਹੱਡੀ ਕਿਹਾ ਜਾਂਦਾ ਹੈ।

# ਪਾਓ ਨਿਮਰਤਾ ਦਾ ਗਹਿਣਾ

-ਗੁਰਦਾਸ ਸਿੰਘ ਸੇਖੋਂ

ਨਿਮਰਤਾ ਜੀਵਨ ਦੀ ਜਾਂਚ ਦਾ ਮੂਲ ਤੱਤ ਅਤੇ ਕੀਮਤੀ ਗਹਿਣਾ ਹੈ। ਇਸ ਗਹਿਣੇ ਨਾਲ ਵੱਡੀ ਤੋਂ ਵੱਡੀ ਮੁਸ਼ਕਿਲ ਦਾ ਹੱਲ ਸਹਿਜਤਾ ਨਾਲ ਕਰਦੇ ਹੋਏ ਸੁੱਖ, ਸ਼ਾਂਤੀ ਤੇ ਖੁਸ਼ੀ ਦੀਆਂ ਨਿਆਮਤਾਂ ਦਾ ਰੰਗ ਮਾਣਿਆ ਜਾ ਸਕਦਾ ਹੈ। ਨਿਮਰਤਾ ਦਾ ਅਰਥ ਹੈ ਨੀਵਾਂ ਹੋਣਾ, ਝੁਕਣਾ, ਨਿਊਣਾ, ਭਾਵ ਬੇਹੱਦ ਹਲੀਮੀ ਤੇ ਠਰ੍ਹੰਮੇ ਨਾਲ ਪੇਸ਼ ਆਉਣਾ। ਨਿਮਰਤਾ ਹੋਰਨਾਂ ਪ੍ਰਤੀ ਅਸੀਮ ਅਦਬ ਤੇ ਪਿਆਰ ਦੀ ਭਾਵਨਾ ਜਗਾਉਂਦੀ ਹੈ। ਇਸ ਪਿਆਰ ਨਾਲ ਲਬਰੇਜ਼ ਮਨੁੱਖ ਨੂੰ ਸਦੀਵੀ ਆਤਮਿਕ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਨਿਮਰਤਾ ਸ਼ਾਂਤੀ ਤੇ ਸਾਦਗੀ ਦਾ ਦੂਜਾ ਨਾਂ ਹੈ। ਸ਼ਾਂਤੀ ਦੇ ਪੁੰਜ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਹਲੀਮੀ ਤੇ ਨਿਮਰਤਾ ਦੀ ਸਭ ਤੋਂ ਵੱਡੀ ਮਿਸਾਲ ਹੈ। ਨਿਮਰਤਾ ਦਾ ਗੁਣ ਨਿਰਵੈਰਤਾ ਵਿੱਚੋਂ ਪੈਦਾ ਹੁੰਦਾ ਹੈ।

ਨਿਮਰ ਮਨੁੱਖ ਵਿੱਚ ਸੰਜਮ, ਮਿਲਵਰਤਨ ਤੇ ਸਹਿਯੋਗ ਵਰਗੇ ਗੁਣ ਆਪ ਮੁਹਾਰੇ ਫੁੱਟ ਪੈਂਦੇ ਹਨ। ਅਜਿਹਾ ਮਨੁੱਖ ਹਰ ਵਰਤਾਰੇ ਵਿੱਚ ਸੁਚੱਜ ਤੇ ਸਿਆਣਪ ਦਾ ਪੁਤਲਾ ਸਾਬਤ ਹੁੰਦਾ ਹੈ। ਸਰੀਰਕ ਬਲ ਦਾ ਅੰਦਾਜ਼ਾ ਇਸ ਗੱਲ ਤੋਂ ਲੱਗਦਾ ਹੈ ਕਿ ਕੋਈ ਵਿਅਕਤੀ ਕਿੰਨਾ ਭਾਰ ਚੁੱਕ ਸਕਦਾ ਹੈ, ਪਰ ਆਤਮਿਕ ਬਲ ਦੀ ਪਛਾਣ ਕਿਸੇ ਵਿਅਕਤੀ ਦੀ ਸਹਿਣ ਸ਼ਕਤੀ ਤੇ ਨਿਮਰਤਾ ਤੋਂ ਕੀਤੀ ਜਾ ਸਕਦੀ ਹੈ। ਸੰਸਾਰ ਵਿੱਚ ਕੋਈ ਵੀ ਮਨੁੱਖ ਸੰਪੂਰਨ ਨਹੀਂ। ਹਰ ਮਨੁੱਖ ਕਿਸੇ ਨਾ ਕਿਸੇ ਔਗੁਣ ਰੂਪੀ ਜੰਜਾਲ ਵਿੱਚ ਫਸਿਆ ਹੋਇਆ ਹੈ, ਫਿਰ ਵੀ ਜੇ ਅਸੀਂ ਚਾਹੀਏ ਤਾਂ ਆਪਣੀ ਸਮਰੱਥਾ ਤੇ ਇੱਛਾ ਸ਼ਕਤੀ ਅਨੁਸਾਰ ਜੀਵਨ ਸ਼ੈਲੀ ਵਿੱਚ ਉਤਸ਼ਾਹ ਜਨਕ ਤਬਦੀਲੀ ਲਿਆ ਸਕਦੇ ਹਾਂ। ਜੀਵਨ ਸ਼ੈਲੀ ਦਾ ਸਬੰਧ ਸਮਾਜਿਕ ਕਦਰਾਂ ਕੀਮਤਾਂ ਨਾਲ ਹੈ। ਇਨ੍ਹਾਂ ਕਦਰਾਂ ਕੀਮਤਾਂ ਤੋਂ ਸੱਖਣਾ ਮਨੁੱਖ ਵਿਕਾਸ ਦੀ ਬਜਾਇ ਵਿਨਾਸ਼ ਵੱਲ ਵਧਦਾ ਹੈ।

ਕਈ ਮਨੁੱਖ ਇਸ ਕਰਕੇ ਨਿਮਰਤਾ ਦੇ ਹੱਕ ਵਿੱਚ ਨਹੀਂ ਹੁੰਦੇ ਕਿ ਲੋਕ ਉਨ੍ਹਾਂ ਨੂੰ ਕਮਜ਼ੋਰ ਕਹਿਣਗੇ, ਪਰ ਏਦਾਂ ਦੀ ਦਲੀਲ ਨਿਰ-ਆਧਾਰ ਹੈ, ਕਿਉਂਕਿ ਨਿਮਰਤਾ ਕਮਜ਼ੋਰੀ ਨਹੀਂ, ਖੂਬੀ ਹੁੰਦੀ ਹੈ ਅਤੇ ਨਿਮਰ ਮਨੁੱਖ ਘੁਮੰਡੀ ਤੇ ਹੈਂਕੜਬਾਜ਼ ਮਨੁੱਖ ਨਾਲੋਂ ਆਤਮਿਕ ਤੌਰ 'ਤੇ ਕਈ ਗੁਣਾਂ ਵਧੇਰੇ ਬਲਵਾਨ ਹੁੰਦਾ ਹੈ। ਸਮਾਜ ਦੇ ਮਨ ਦੀਆਂ ਸਫਾਂ ਵਿੱਚ ਨਿਮਰ ਮਨੁੱਖਾਂ ਦਾ ਵਾਸਾ ਹੁੰਦਾ ਹੈ। ਘੁਮੰਡੀ ਮਨੁੱਖ ਨੂੰ ਵਹਿਮ ਹੁੰਦਾ ਹੈ ਕਿ ਉਹ ਲੋਕ ਮਨਾਂ ਦਾ ਰਾਜਾ ਹੈ। ਅਜਿਹੇ ਮਨੁੱਖ ਮਨੁੱਖਤਾ ਨਾਲ ਸਦਾ ਧ੍ਰੋਹ ਕਮਾਉਂਦੇ ਹਨ।

ਨਿਮਰ ਮਨੁੱਖ ਵਾਂਗ ਕਿਸੇ ਅੱਗੇ ਨੀਵਾਂ ਹੋਣ ਤੇ ਕੁਬੋਲਾਂ ਦਾ ਜਵਾਬ ਮਿੱਠੇ ਬੋਲਾਂ ਵਿੱਚ ਦੇਣ ਨਾਲ ਮਾਣ ਘਟਦਾ ਨਹੀਂ ਸਗੋਂ ਵਧਦਾ ਹੈ। ਫਲਾਂ ਨਾਲ ਲੱਦੇ ਰੁੱਖ ਹਮੇਸ਼ਾਂ ਨੀਵੇਂ ਹੁੰਦੇ ਹਨ। ਸਿੰਮਲ ਦਾ ਰੁੱਖ ਬਹੁਤ ਲੰਮਾ ਤੇ ਲੁਭਾਉਣੇ ਫਲਾਂ ਵਾਲਾ ਹੁੰਦਾ ਹੈ, ਪਰ ਇਸ ਦੇ ਫਲ ਤੇ ਪੱਤੇ ਬੇਸੁਆਦੇ ਹੁੰਦੇ ਹਨ ਜੋ ਕਿਸੇ ਪੰਛੀ ਦੀ ਭੁੱਖ ਨਹੀਂ ਮਿਟਾਉਂਦੇ। ਇਸੇ ਤਰ੍ਹਾਂ ਨਿਮ-ਰਤਾ ਤੋਂ ਸੱਖਣੇ ਅਮੀਰ ਤੇ ਹੰਕਾਰੀ ਮਨੁੱਖਾਂ ਦਾ ਜੀਵਨ ਦੂਜਿਆਂ ਲਈ ਅਰਥਹੀਣ ਤੇ ਆਸ਼ਾਹੀਣ ਹੁੰਦਾ ਹੈ। ਖਾਲੀ ਭਾਂਡਾ ਆਮ ਤੌਰ 'ਤੇ ਵਧੇਰੇ ਸ਼ੋਰ ਦਿੰਦਾ ਹੈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਗੁਣਹੀਣ ਮਨੁੱਖ ਦੂਜਿਆਂ 'ਤੇ ਚੀਕ ਕੇ ਚੌਧਰ ਦਿਖਾਉਂਦਾ ਹੈ। ਤੱਕੜੀ ਦਾ ਓਹੀ ਪਲੜਾ ਝੁਕਦਾ ਹੈ ਜੋ ਭਾਰਾ ਹੁੰਦਾ ਹੈ।

ਨਿਮਰਤਾ ਦੀ ਝਲਕ ਸਾਡੀ ਬੋਲਬਾਣੀ, ਪਹਿਰਾਵੇ ਤੇ ਨਿੱਤ ਦੇ ਕੰਮਾਂ ਤੋਂ ਮਿਲਦੀ ਹੈ। ਨਿਮਰ ਮਨੁੱਖ ਵਿੱਚ ਗਿਆਨ ਦਾ ਪ੍ਰਕਾਸ਼ ਉਮੜ ਪੈਂਦਾ ਹੈ, ਜਿਸ ਨਾਲ ਹੰਕਾਰ ਰੂਪੀ ਅਗਿਆਨਤਾ ਦਾ ਹਨੇਰਾ ਦੂਰ ਹੋ ਜਾਂਦਾ ਹੈ। ਹੰਕਾਰੀ ਵਿਅਕਤੀ ਦਿਖਾਵੇ ਭਰੀ ਬਣਾਉਟੀ ਜ਼ਿੰਦਗੀ ਜਿਉਂਦਾ ਹੈ, ਨਿਮਰ ਮਨੁੱਖ 'ਮਨ ਨੀਵਾਂ ਮੱਤ ਉਚੀ' ਸੰਕਲਪ ਦਾ ਵਿਸ਼ਵਾਸ ਰੱਖਦਾ ਹੈ, ਕਿਉਂਕਿ ਮਨ ਨੀਵਾਂ ਹੋਣ ਨਾਲ ਸਾਰੇ ਝਗੜੇ ਝਮੇਲੇ ਆਪੇ ਨਿਪਟ ਜਾਂਦੇ ਹਨ। ਨਿਮਰ ਮਨੁੱਖ ਵਿੱਚ ਮਾਫ ਕਰਨ ਅਤੇ ਮਾਫੀ ਮੰਗਣ ਵਰਗੇ ਅਨਮੋਲ ਗੁਣਾਂ ਦਾ ਵਾਸਾ ਹੁੰਦਾ ਹੈ। ਮਨੋ ਵਿਗਿਆਨ ਅਨੁਸਾਰ ਮਾਫ ਕਰਨ ਤੇ ਮਾਫੀ ਮੰਗਣ ਨਾਲ ਦਿਲ ਹਲਕਾ ਹੋ ਜਾਂਦਾ ਤੇ ਮਨੁੱਖ ਪੂਰਬਲੀ ਅਵਸਥਾ ਨਾਲੋਂ ਹਜ਼ਾਰ ਗੁਣਾਂ ਬਿਹਤਰ ਮਹਿਸੂਸ ਕਰਦਾ ਹੈ। ਘੁਮੰਡੀ ਮਨੁੱਖ ਆਪਣੇ ਅੜੀਅਲ ਸੁਭਾਅ ਕਾਰਨ ਨਾ ਕਦੀ ਮਾਫੀ ਮੰਗਦਾ ਤੇ ਨਾ ਮਾਫ ਕਰਨ ਦਾ ਜਿਗਰਾ ਦਿਖਾਉਂਦਾ ਹੈ। ਨਿਮਰਤਾ ਅਹਿੰਸਾ ਦਾ ਆਧਾਰ ਤਿਆਰ ਕਰਦੀ ਹੈ। ਵਰਤਮਾਨ ਸਮੇਂ ਵਿੱਚ ਬੱਚਿਆਂ ਪ੍ਰਤੀ ਸ਼ਕਤੀ ਨਾਲ ਪੇਸ਼ ਆਉਣ ਦੀ ਬਜਾਏ ਪਿਆਰ ਤੇ ਨਿਮਰ ਵਿਹਾਰ ਨਾਲ ਸਾਰਥਿਕ ਨਤੀਜੇ ਪ੍ਰਾਪਤ ਕੀਤੇ ਜਾ ਸਕਦੇ ਹਨ। ਪਰਵਾਰ ਵਿੱਚ ਪਤੀ-ਪਤਨੀ, ਸੱਸ-ਨੂੰਹ ਤੇ ਬਾਕੀ ਰਿਸ਼ਤਿਆਂ ਵਿੱਚ ਤਣਾਓ ਦਾ ਕਾਰਨ ਦੋਵਾਂ ਧਿਰਾਂ ਵਿੱਚ ਸਹਿਣਸ਼ੀਲਤਾ ਦੀ ਘਾਟ ਹੈ। ਸਹਿਣਸ਼ੀਲਤਾ ਦੀ ਉਪਜ ਨਿਮਰਤਾ ਰੂਪੀ ਜਰਖੇਜ਼ ਭੂਮੀ ਵਿੱਚੋਂ ਹੁੰਦੀ ਹੈ। ਤਲਾਕ ਵਰਗੀ ਨੌਬਤ ਵੀ ਕਿਸੇ ਹੱਦ ਤੱਕ ਨਿਮਰਤਾ ਦੀ ਅਣਹੋਂਦ ਕਾਰਨ ਆਉਂਦੀ ਹੈ। ਜਿਵੇਂ ਇਕ ਹੱਥ ਨਾਲ ਤਾੜੀ ਨਹੀਂ ਵੱਜਦੀ, ਉਸੇ ਤਰ੍ਹਾਂ ਜੇ ਇਕ ਧਿਰ ਨਿਮਰਤਾ ਧਾਰਨ ਕਰ ਲਵੇ ਤਾਂ ਵੱਡੇ ਕਲੇਸ਼ ਤੇ ਅਹਿੰਸਾ ਨੂੰ ਟਾਲਿਆ ਜਾ ਸਕਦਾ ਹੈ। ਕਈ ਮਨੁੱਖ ਦੂਜਿਆਂ ਪ੍ਰਤੀ ਜ਼ਿਆਦਤੀ ਤੇ ਤਾਨਾਸ਼ਾਹੀ ਵਾਲਾ ਵਤੀਰਾ ਅਪਣਾਉਂਦੇ ਹਨ। ਉਨ੍ਹਾਂ ਵਿੱਚ ਕਾਮ ਕ੍ਰੋਧ, ਲੋਭ, ਮੋਹ, ਹੰਕਾਰ ਰੂਪੀ ਬੁਰਾਈਆਂ ਦਾ ਵਾਸਾ ਸਿਰ ਚੜ੍ਹ ਕੇ ਬੋਲਦਾ ਹੈ। ਦੂਜੇ ਪਾਸੇ ਨਿਮਰ ਮਨੁੱਖ ਅਜਿਹੇ ਬਘਿਆੜਾਂ ਦੀ ਵਧੀਕੀ ਨੂੰ ਖਿੜੇ ਮੱਥੇ ਭਾਣਾ ਮੰਨ ਕੇ ਸਵੀਕਾਰ ਕਰਦਾ ਹੈ। ਅਜਿਹੇ ਅਡੋਲ, ਬੇਬਾਕ ਤੇ ਸਬਰ ਸੰਤੋਖ ਭਰੇ ਗੁਣਾਂ ਦਾ ਜ਼ਖੀਰਾ ਹੀ ਸਮੁੱਚੇ ਸਮਾਜਿਕ ਦਾਇਰੇ ਨੂੰ ਸਦੀਵੀ ਆਨੰਦ ਦੇ ਗੱਫੇ ਵੰਡਦਾ ਹੈ। ਨਿਮ-ਰਤਾ ਦਾ ਸਬੰਧ ਸਾਡੀ ਬੋਲਚਾਲ ਨਾਲ ਨਹੀਂ, ਲਿਖਤੀ ਕਿਰਿਆਵਾਂ ਨਾਲ ਵੀ ਹੈ। ਕਈ ਵਾਰ ਕੰਮਕਾਜੀ ਪੱਤਰ ਵਿਹਾਰ ਇੰਨੀ ਸਖਤ ਤੇ ਰੁੱਖੀ ਸ਼ਬਦਾਵਲੀ ਨਾਲ ਲਿਖੇ ਜਾਂਦੇ ਹਨ ਕਿ ਰੁਜ਼ਗਾਰ ਕਰਤਾ ਅਫਸਰਸ਼ਾਹੀ ਵਿਰੁੱਧ ਬਗਾਵਤੀ ਸੁਰ ਅਪਣਾ ਲੈਂਦੇ ਹਨ। ਲਿਖਤੀ ਤੇ ਜ਼ੁਬਾਨੀ ਦੋਵਾਂ ਰੂਪਾਂ ਵਿੱਚ ਨਿਮਰਤਾ ਦੀ ਮਹੱਤਤਾ ਹੁੰਦੀ ਹੈ। ਨਿਮਰਤਾ ਦਾ ਗੁਣ ਜਨਮ-ਜਾਤ ਵੰਸ਼ ਤੋਂ ਆ ਸਕਦਾ ਹੈ। ਧਾਰਮਿਕ ਸਾਹਿਤ ਪੜ੍ਹਨ, ਸੁੱਘੜ ਮਨੁੱਖਾਂ ਦੀ ਸੰਗਤ ਮਾਣਨ ਤੇ ਚੰਗੀਆਂ ਪੁਸਤਕਾਂ ਪੜ੍ਹਨ ਵਾਲੇ ਨਿਮਰਤਾ ਗ੍ਰਹਿਣ ਕਰਦੇ ਹਨ। ਨਿਮਰਤਾ ਅਜਿਹਾ ਕਸ਼ੀਦ ਕੀਤਾ ਨੁਸਖਾ ਹੈ ਜਿਸ ਨੂੰ ਅਪਣਾ ਕੇ ਜਗਤ ਨੂੰ ਜੰਨਤ ਬਣਾਇਆ ਜਾ ਸਕਦਾ ਹੈ। ਆਓ ਨਿਮਰਤਾ ਧਾਰਨ ਕਰਕੇ ਪਿਆਰ ਦੇ ਗੁਲਦਸਤੇ ਵੰਡੀਏ ਤੇ ਕਾਇਨਾਤ ਦੇ ਸਰਬ ਸ਼੍ਰੇਸ਼ਠ ਪ੍ਰਾਣੀ ਕਹਾਉਣ ਦੇ ਹੱਕਦਾਰ ਹੋ ਸਕੀਏ।

KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ






ਕਰਤਾਰ ਫਰਨੀਚਰ

- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657 69 Westmore Dr. #20 Etobicoke ON, M9V 3Y6

A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ

ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

] ਮੁਫਤ ਪਿਕਅਪ ਅਤੇਂ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ

647-998-7500 ਬਲਵਿੰਦਰ

# ਸਲੂਨ ਦੇ ਸੁਹੱਪਣ ਨੂੰ 'ਗੁਰਬਤ ਦੀ ਮਾਰ'

-ਜੁਗਿੰਦਰ ਸੰਧੂ-

ਸਲੂਨ ਵੀ ਜੰਮੂ-ਕਸ਼ਮੀਰ ਦੇ ਹੋਰਨਾਂ ਪਿੰਡਾਂ ਵਰਗਾ ਹੈ, ਜਿੱਥੋਂ ਦੇ ਲੋਕਾਂ ਦੀ ਰਹਿਣੀ-ਬਹਿਣੀ ਸਾਦੀ ਅਤੇ ਸਾਫ-ਸੁਥਰੀ ਹੈ। ਭਾਈਚਾਰਕ ਸਾਂਝ ਅਤੇ ਆਪਸੀ ਰਿਸ਼ਤੇ ਬੇਮਿਸਾਲ ਹਨ। ਕਿਸੇ ਦੇ ਪੈਰ ਵਿੱਚ ਕੰਡਾ ਵੀ ਚੁੱਭੇ ਤਾਂ ਸਾਰਾ ਪਿੰਡ ਉਸ ਦਾ ਹਾਲ ਚਾਲ ਪੁੱਛਣ ਬਹੁੜਦਾ ਹੈ। ਲੋਕ ਪੈਸੇ ਪਿੱਛੇ ਉਸ ਤਰ੍ਹਾਂ ਨਹੀਂ ਦੌੜਦੇ, ਜਿਵੇਂ ਦੇਸ਼ ਜਾਂ ਸੂਬੇ ਦੇ ਵੱਡੇ ਸ਼ਹਿਰਾਂ ਤੇ ਹੋਰ ਖੇਤਰਾਂ ਵਿੱਚ ਮਾਰਧਾੜ ਲੱਗੀ ਜਾਪਦੀ ਹੈ। ਮਿਹਨਤ-ਮਜ਼ਦੂਰੀ ਲੋਕਾਂ ਦੇ ਅੰਗ-ਸੰਗ ਹੈ ਅਤੇ ਇਸ 'ਚੋਂ ਜੋ ਰੁੱਖੀ-ਮਿੱਸੀ ਜੁੜਦੀ ਹੈ, ਉਸੇ ਨੂੰ 'ਚੂਰੀ' ਸਮਝ ਕੇ ਖਾ ਲੈਂਦੇ ਹਨ।

ਜੰਮੂ ਖੇਤਰ ਦੇ ਜ਼ਿਲ੍ਹਾ ਰਿਆਸੀ ਦੇ ਬਲਾਕ ਪੌਨੀ ਨਾਲ ਸੰਬੰਧਤ ਹੈ ਪਿੰਡ ਸਲੂਨ, ਜਿਸ ਵਿੱਚ 60-70 ਘਰ ਅਤੇ ਢਾਈ-ਤਿੰਨ ਸੌ ਦੇ ਕਰੀਬ ਆਬਾਦੀ ਹੋਵੇਗੀ। ਇਹ ਕੁਦਰਤ ਦਾ ਵਰਦਾਨ ਕਿਹਾ ਜਾ ਸਕਦਾ ਹੈ ਕਿ ਜਿੱਥੇ ਅਜੋਕੇ ਸਮਾਜ ਵਿੱਚ ਪੈਸੇ ਦੀ ਖਾਤਰ ਲੋਕ ਰਿਸ਼ਤਿਆਂ ਦਾ ਘਾਣ ਕਰ ਰਹੇ ਹਨ, ਇੱਕ ਦੂਜੇ ਦਾ ਖੂਨ ਵਹਾ ਰਹੇ ਹਨ, ਉਥੇ ਇਸ ਪਿੰਡ ਦੇ ਲੋਕ ਮਾਲਾ ਵਿੱਚ ਪਰੋਏ ਮਣਕਿਆਂ ਵਾਂਗ 'ਅਪਣੱਤ' ਦੇ ਸੂਤਰ 'ਚ ਬੱਝੇ ਹੋਏ ਹਨ। ਇਸ ਪਿੰਡ ਦੀ ਇੱਕ ਹੋਰ ਵਿਲੱਖਣਤਾ ਅਤੇ ਵਿਸ਼ੇਸ਼ਤਾ ਉਸ ਨੂੰ ਕੁਦਰਤ ਦਾ ਬਖਸ਼ਿਆ ਸੁਹੱਪਣ ਹੈ। ਖੂਬਸੂਰਤ ਪਹਾੜੀ ਨਜ਼ਾਰੇ, ਹਰਿਆਵਲ ਭਰੇ ਰੁੱਖ-ਬੂਟੇ, ਮਹਿਕਾਂ ਵੰਡਦੀਆਂ ਪੌਣਾਂ, ਪਿਆਰ-ਮੁਹੱਬਤ ਦਾ ਸੁਨੇਹਾ ਦੇਣ ਵਾਲਾ ਝਨਾਂ ਦਰਿਆ ਤੇ ਵਾਤਾਵਰਣ ਵਿੱਚ ਸੰਗੀਤ ਘੋਲਦੇ ਪੰਛੀ। ਬੜਾ ਅਜਬ ਨਜ਼ਾਰਾ ਹੈ ਇਸ ਪਿੰਡ ਤੇ ਆਸਪਾਸ ਵੱਸਦੇ ਰਿਆਸੀ ਜ਼ਿਲ੍ਹੇ ਦੇ ਹੋਰ ਪਿੰਡਾਂ ਅਤੇ ਖੇਤਰਾਂ ਦਾ।

ਇਸ ਪਿੰਡ ਦੇ ਲੋਕਾਂ ਨੂੰ ਮਿਲਣ, ਉਨ੍ਹਾਂ ਦੇ ਸੁਭਾਅ ਨੂੰ ਜਾਨਣ ਅਤੇ ਚੌਗਿਰਦੇ ਵਿੱਚ ਫੈਲੀਆਂ ਸੁਗੰਧੀਆਂ ਨੂੰ ਮਹਿਸੂਸ ਕਰਨ ਦਾ ਮੌਕਾ ਉਦੋਂ ਮਿਲਿਆ, ਜਦੋਂ ਮੀਡੀਆ ਟੀਮ ਨਾਲ ਟਰੱਕ ਦੀ ਰਾਹਤ ਸਮੱਗਰੀ ਵੰਡਣ ਲਈ ਉਥੇ ਜਾਣ ਦਾ ਮੌਕਾ ਮਿਲਿਆ। ਸਾਦਗੀ ਅਤੇ ਸੁਹੱਪਣ ਦੀ ਮਿਸਾਲ ਦੇਣੀ ਹੋਵੇ ਤਾਂ ਸਲੂਨ ਦਾ ਕੋਈ ਜਵਾਬ ਨਹੀਂ। ਲੋਕਾਂ ਵਿੱਚ ਸਬਰ ਸਿਦਕ, ਸੰਘਰਸ਼ ਦੀ ਸਮਰੱਥਾ, ਪ੍ਰਮਾਤਮਾ ਦੀ ਇਬਾਦਤ ਦਾ ਜਜ਼ਬਾ, ਸੱਚਾਈ-ਈਮਾਨਦਾਰੀ ਉੱਤੇ ਪਹਿਰਾ ਦੇਣ ਦੀ ਦ੍ਰਿੜ੍ਹਤਾ ਅਤੇ ਮੁਹੱਬਤ ਭਰੀਆਂ ਸਾਂਝਾਂ, ਸਭ ਕਮਾਲ ਹਨ।

ਸਲੂਨ ਉਸ ਖੇਤਰ ਦੇ ਦਰਜਨਾਂ ਪਿੰਡਾਂ ਦਾ ਪ੍ਰਤੀਕ ਹੈ, ਜਿਨ੍ਹਾਂ ਦੇ ਖੂਬਸੂਰਤ ਚਿਹਰੇ ਉੱਤੇ ਮੰਦਹਾਲੀ ਦੇ ਧੱਬੇ ਵੀ ਸਾਫ ਝਲਕਦੇ ਹਨ। ਰੋਜ਼ੀ-ਰੋਟੀ ਵੀ ਲੋੜ ਅਨੁਸਾਰ ਮਿਲਦੀ ਅਤੇ ਬਾਕੀ ਬਹੁਤ ਸਾਰੀਆਂ ਬੁਨਿਆਦੀ ਸਹੂਲਤਾਂ ਦਾ ਨਾਂ-ਨਿਸ਼ਾਨ ਨਹੀਂ ਹੈ। ਜੇ ਇਹ ਇਲਾਕਾ ਕਿਸੇ ਪੱਛਮੀ ਦੇਸ਼ ਨਾਲ ਸੰਬੰਧਤ ਹੁੰਦਾ ਤਾਂ ਟੂਰਿਜ਼ਮ ਦੇ ਨਕਸ਼ੇ 'ਤੇ ਸੰਸਾਰ-ਪ੍ਰਸਿੱਧ ਹੁੰਦਾ। ਸਭ ਪਾਸੇ ਇਸ ਦੇ ਖੂਬਸੂਰਤ ਦ੍ਰਿਸ਼ ਅਤੇ ਨਜ਼ਾਰੇ ਛਾਏ ਹੋਣੇ ਸਨ।

ਅੱਜ ਕੱਲ੍ਹ ਨਾ ਢੰਗ ਦੀਆਂ ਸੜਕਾਂ, ਨਾ ਸਿਹਤ ਸਹੂਲਤਾਂ, ਨਾ ਚੰਗੇ ਸਕੂਲ, ਨਾ ਰੋਜ਼ਗਾਰ, ਨਾ ਕਾਰੋਬਾਰ। ਵਧੀਆ ਹੋਟਲਾਂ, ਹਵਾਈ ਅੱਡਿਆਂ, ਵਧੀ ਢੰਗ ਨਾਲ ਵਿਕਸਿਤ ਸੈਰਗਾਹਾਂ ਦਾ ਸੁਫਨਾ ਨਹੀਂ ਲਿਆ ਜਾ ਸਕਦਾ। ਸੂਬਾ ਸਰਕਾਰ ਜਾਂ ਕੇਂਦਰ ਸਰਕਾਰ ਦਾ ਕਦੇ ਇਸ ਪਾਸੇ ਧਿਆਨ ਨਹੀਂ ਗਿਆ ਹੋਵੇਗਾ ਜਾਂ ਉਨ੍ਹਾਂ ਨੂੰ ਸਿਆਸੀ ਪੈਂਤੜੇਬਾਜ਼ੀਆਂ, ਸੱਤਾ ਹਥਿਆਉਣ ਦੀ ਦੌੜ ਅਤੇ ਨੋਟਾਂ ਨਾਲ ਆਪਣੇ ਅਟੈਚੀ ਭਰਨ ਤੋਂ ਇਲਾਵਾ ਹੋਰ ਕਿਸੇ ਕੰਮ ਲਈ ਫੁਰਸਤ ਨਹੀਂ ਹੋਵੇਗੀ। ਹੋਰ ਅਨੇਕਾਂ ਖੇਤਰਾਂ ਵਾਂਗ ਜੰਮੂ ਦੇ ਇਲਾਕੇ ਵਿੱਚ ਵੱਸਦੇ ਲੋਕ ਵੀ ਸਿਆਸੀ ਨੇਤਾਵਾਂ ਲਈ ਸਿਰਫ ਵੋਟਰ ਹੀ ਹਨ। ਇਹ ਆਧੁਨਿਕ ਯੁੱਗ, ਪਾਤਾਲ ਦੀਆਂ ਚੁੱਭੀਆਂ ਅਤੇ ਆਕਾਸ਼ ਦੀਆਂ ਉਡਾਰੀਆਂ ਸਲੂਨ ਦੇ ਲੋਕਾਂ ਦੀ ਸੋਚ ਅਤੇ ਮੁਕੱਦਰ ਦੀ ਸੀਮਾ ਰੇਖਾ ਤੋਂ ਦੂਰ ਦੀਆਂ ਗੱਲਾਂ ਹੀ ਜਾਪਦੀਆਂ ਹਨ।

ਜੰਮੂ-ਕਸ਼ਮੀਰ ਦੀ 85 ਫੀਸਦੀ ਆਬਾਦੀ ਪਿੰਡਾਂ ਵਿੱਚ ਰਹਿੰਦੀ ਹੈ, ਜਿਸ ਦੀ ਰੋਜ਼ੀ-ਰੋਟੀ ਦਾ ਆਧਾਰ ਖੇਤੀ ਹੈ। ਇਲਾਕੇ ਦੀ ਧਰਤੀ ਉਪਜਾਊ ਹੈ, ਵਾਤਾਵਰਣ ਵੀ ਫਸਲਾਂ ਲਈ ਢੁੱਕਵਾਂ ਹੈ, ਪਰ ਖੇਤੀ ਦੀ ਹਾਲਤ ਫਿਰ ਵੀ ਤਰਸਯੋਗ ਹੈ ਤਾਂ ਉਸ ਦੇ ਅਨੇਕਾਂ ਕਾਰਨ ਹਨ। ਪਹਿਲਾ ਮੁੱਖ ਕਾਰਨ ਇਹ ਹੈ ਕਿ ਇਸ ਖੇਤਰ ਦੀ ਸਾਰੀ ਖੇਤੀਬਾੜੀ ਬਰਸਾਤ 'ਤੇ ਨਿਰਭਰ ਕਰਦੀ ਹੈ। ਸਿਰਫ ਸੱਤ ਫੀਸਦੀ ਜ਼ਮੀਨ ਸਿੰਚਾਈ ਅਧੀਨ ਹੈ, ਇਸ ਤੋਂ ਜ਼ਿਆਦਾ ਲਈ ਪਾਣੀ ਦਾ ਕੋਈ ਪ੍ਰਬੰਧ ਨਹੀਂ। ਇਸ ਹਾਲਤ ਵਿੱਚ ਫਸਲਾਂ ਦੀ ਕਾਸ਼ਤ ਅਤੇ ਪੈਦਾਵਾਰ ਹਮੇਸ਼ਾ ਬਾਰਿਸ਼ 'ਤੇ ਨਿਰਭਰ ਹੁੰਦੀ ਹੈ। ਜੇ ਬਾਰਿਸ਼ ਠੀਕ ਹੋ ਗਈ ਤਾਂ ਫਸਲ ਚੰਗੀ ਹੋਸਕਦੀ ਹੈ, ਨਹੀਂ ਤਾਂ ਬਹੁਤੀ ਵਾਰ ਡੋਬਾ ਜਾਂ ਸੋਕਾ ਹੀ ਭੁਗਤਣਾ ਪੈਂਦਾ ਹੈ।

ਇਲਾਕੇ ਦੇ ਕਿਸਾਨਾਂ ਨੇ ਦੱਸਿਆ ਕਿ ਉਹ ਕਣਕ, ਝੋਨਾ, ਸਰ੍ਹੋਂ, ਕਾਲੇ ਛੋਲਿਆਂ ਅਤੇ ਸਬਜ਼ੀਆਂ ਦੀ ਖੇਤੀ ਕਰਦੇ ਹਨ, ਪਰ ਇਸ ਨਾਲ ਪਰਵਾਰਾਂ ਦਾ ਗੁਜ਼ਾਰਾ ਨਹੀਂ ਹੁੰਦਾ। ਅੰਬਾਂ ਅਤੇ ਨਿੰਬੂ ਜਾਤੀ ਦੇ ਫਲਾਂ ਦੀ ਬਾਗਬਾਨੀ ਹੁੰਦੀ ਹੈ ਅਤੇ ਉੱਚੇ ਪਹਾੜੀ ਖੇਤਰਾਂ ਵਿੱਚ ਸੇਬ, ਬਾਦਾਮ ਤੇ ਅਖਰੋਟ ਵੀ ਹੁੰਦੇ ਹਨ, ਪਰ ਇਸ ਨਾਲ ਆਰਥਿਕਤਾ ਨੂੰ ਪੱਕੇ ਪੈਰੀਂ ਨਹੀਂ ਕੀਤਾ ਜਾ ਸਕਦਾ। ਨਤੀਜੇ ਵਜੋਂ ਹੱਡ ਭੰਨਵੀ ਮਿਹਨਤ ਤੋਂ ਬਾਅਦ ਵੀ ਕਿਸਾਨਾਂ ਦਾ ਖੀਸਾ ਖਾਲੀ ਰਹਿੰਦਾ ਹੈ। ਸਰਕਾਰ ਤੇ ਉਸ ਦਾ ਖੇਤੀ ਵਿਭਾਗ ਫਸਲਾਂ ਦੀ ਠੀਕ ਪੈਦਾਵਾਰ ਲਈ ਕਿਸਾਨਾਂ ਦਾ ਸਹੀ ਮਾਰਗ ਦਰਸ਼ਨ ਨਹੀਂ ਕਰ ਸਕਦਾ। ਛੋਟੇ-ਮੋਟੇ ਤਜਰਬੇ ਸ਼ਹਿਰੀ ਅਤੇ ਨੀਮ-ਸ਼ਹਿਰੀ ਖੇਤਰਾਂ ਵਿੱਚ ਫਸਲਾਂ ਦੀਕਾਸ਼ਤ ਅਤੇ ਨਵੀਆਂ ਕਿਸਮਾਂ ਬਾਰੇ ਕੀਤੇ ਗਏ ਹਨ, ਜਦੋਂ ਕਿ ਦੂਰ-ਦੁਰਾਡੇ ਪੇਂਡੂ ਖੇਤਰਾਂ ਵਿੱਚ ਸਭ ਉਪਰ ਵਾਲੇ ਦੀ ਕਿਰਪਾ 'ਤੇ ਹੀ ਨਿਰਭਰ ਹੈ।


ਰਿਆਸੀ ਦੀਆਂ ਜ਼ਮੀਨਾਂ ਵਿੱਚ ਫੁੱਲਾਂ ਦੀ ਖੇਤੀ ਦੀਆਂ ਬਹੁਤ ਵੱਡੀਆਂ ਸੰਭਾਵਨਾਵਾਂ ਹਨ, ਪਰ ਇਸ ਨੂੰ ਉਤਸ਼ਾਹ ਨਹੀਂ ਦਿੱਤਾ ਜਾ ਸਕਿਆ। ਇਸ ਖੇਤਰ ਦੇ ਬਹੁਤ ਸਾਰੇ ਸੰਸਾਰ ਪ੍ਰਸਿੱਧ ਧਾਰਮਿਕ ਅਸਥਾਨ ਹਨ, ਜਿੱਥੇ ਫੁੱਲਾਂ ਦੀ ਬਹੁਤ ਖਪਤ ਹੋ ਸਕਦੀ ਹੈ। ਇਹ ਲੋੜਾਂ ਵਰਤਮਾਨ ਸਥਿਤੀ 'ਚ ਬਾਹਰੋਂ ਪੂਰੀਆਂ ਕੀਤੀਆਂ ਜਾਂਦੀਆਂ ਹਨ। ਜੇ ਕਿਸਾਨਾਂ ਨੂੰ ਫੁੱਲਾਂ ਦੀ ਪੈਦਾਵਾਰ ਸੰਬੰਧੀ ਜਾਣਕਾਰੀ ਅਤੇ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ ਤਾਂ ਇਸ ਨਾਲ ਉਨ੍ਹਾਂ ਦੀ ਰੋਜ਼ੀ-ਰੋਟੀ ਨੂੰ ਕੁਝ ਸਹਾਰਾ ਮਿਲ ਸਕਦਾ ਹੈ।

ਇਲਾਕੇ ਵਿੱਚ ਹੋਰ ਜੰਗਲੀ ਜਾਨਵਰਾਂ ਦੇ ਨਾਲ ਬਾਂਦਰਾਂ ਦੇ ਝੁੰਡਾਂ ਵੱਲੋਂ ਫਸਲਾਂ ਦਾ ਬਹੁਤ ਨੁਕਸਾਨ ਕੀਤਾ ਜਾਂਦਾ ਹੈ। ਕਿਸਾਨ ਆਪਣੇ ਬਲਬੂਤੇ 'ਤੇ ਇਸ ਤੋਂ ਬਚਾਅ ਕਰਨ ਵਿੱਚ ਅਸਮਰਥ ਹਨ। ਜਾਨਵਰਾਂ ਵੱਲੋਂ ਉਜਾੜੀਆਂ ਫਸਲਾਂ ਦਾ ਕਿਸਾਨਾਂ ਨੂੰ ਯੋਗ ਮੁਆਵਜ਼ਾ ਵੀ ਨਹੀਂ ਮਿਲਦਾ। ਜੰਮੂ ਡਵੀਜ਼ਨ ਵਿੱਚ ਕੁਝ ਮਿਲਾਕੇ 15 ਹਜ਼ਾਰ ਹੈਕਟੇਅਰ ਰਕਬੇ ਵਿੱਚ ਖੇਤੀਬਾੜੀ ਹੁੰਦੀ ਹੈ ਤੇ ਇਸ ਵਿੱਚੋਂ ਕਰੋੜਾਂ ਦੀਆਂ ਫਸਲਾਂ ਜਾਨਵਰ ਬਰਬਾਦ ਕਰ ਜਾਣ ਤਾਂ ਇਲਾਕੇ ਦੀ ਆਰਥਿਕਤਾ ਨੂੰ ਢਾਹ ਲੱਗਦੀ ਹੈ। ਜੇ ਜੰਮੂ ਨੂੰ ਖੁਸ਼ਹਾਲ ਬਣਾਉਣਾ ਹੈ ਤਾਂ ਇਲਾਕੇ ਦੀ ਕਿਰਸਾਨੀ ਦਾ ਵਿਕਾਸ ਯਕੀਨੀ ਕਰਨਾ ਪਵੇਗਾ।

ਸਲੂਨ ਵਿੱਚ ਮੈਨੂੰ ਦੋ ਔਰਤਾਂ ਮਿਲੀਆਂ, ਜਿਨ੍ਹਾਂ ਵੱਲੋਂ ਬੋਲੇ ਕੁਝ ਸ਼ਬਦ ਇੱਕ ਵੱਡੀ ਕਹਾਣੀ ਕਹਿ ਗਏ। ਇਨ੍ਹਾਂ ਵਿੱਚੋਂ ਇੱਕ ਦਾਂ ਨਾਂ ਜੀਨਮਾ ਬੀਬੀ ਸੀ, ਜਿਸ ਦਾ ਜੀਵਨ ਕਿਸ ਵੇਲੇ ਸੰਘਰਸ਼ ਨਾਲ ਇਕਮਿਕ ਹੋ ਗਿਆ, ਉਸ ਨੂੰ ਪਤਾ ਨਹੀਂ ਲੱਗਾ। ਗਫੂਰ ਦੇ ਲੜ ਲੱਗੀ, ਪਰ ਕਿਸਮਤ ਨਹੀਂ ਬਦਲੀ। ਗਫੂਰ ਮਜ਼ਦੂਰੀ ਕਰਦਾ ਹੈ, ਪਰ ਘਰ ਦਾ ਚੁੱਲ੍ਹਾ ਨਹੀਂ ਬਲਦਾ। ਉਹ ਖੁਦ ਮਿਹਨਤ ਕਰਨ ਲੱਗ ਪਈ। ਸਾਰਾ ਦਿਨ ਖੇਤਾਂ ਦੀਆਂ ਵੱਟਾਂ ਤੋਂ ਘਾਹ ਖੋਤਦੀ ਹੈ, ਫਿਰ ਕੁਝ ਰੁਪਿਆਂ ਦਾ ਵੇਚ ਦਿੰਦੀ ਤਾਂ ਲੂਣ-ਤੇਲ ਖਰੀਦਣ ਦਾ ਜੁਗਾੜ ਬਣਦਾ ਹੈ। ਤਪੱਸਿਆ 'ਚ ਤਪਕੇ ਕੁੰਦਨ ਬਣ ਗਈ ਬੀਬੀ ਜੀਨਮਾ, ਪਰ ਸੰਘਰਸ਼ ਜਾਰੀ ਹੈ। ਦੂਜੀ ਔਰਤ ਦਾ ਨਾਂਅ ਰਿਹਾਨਾ ਸੀ, ਜੋ ਪਿੰਡ ਦੀ ਪੰਚ ਹੈ। ਘਰ ਵਾਲਾ ਸਰਕਾਰੀ ਨੌਕਰੀ ਕਰਦਾ ਹੈ, ਰੋਟੀ-ਪਾਣੀ ਦਾ ਜੁਗਾੜ ਹੋ ਜਾਂਦਾ ਹੈ। ਰਿਹਾਨਾ ਹੁਣ ਦੁਖਿਆਰੀਆਂ ਔਰਤਾਂ ਦਾ ਦੁੱਖ-ਦਰਦ ਵੰਡਾਉਣ ਲਈ ਸਾਰਾ ਦਿਨ ਭੱਜ-ਦੌੜ ਕਰਦੀ ਹੈ। ਕਿਸੇ ਦੇ ਬਿਮਾਰ ਬੱਚੇ ਲਈ ਦਵਾਈ-ਕਿਸੇ ਲਈ ਆਟੇ-ਦਾਲ ਦਾ ਪ੍ਰਬੰਧ, ਕਿਸੇ ਨੂੰ ਹੌਸਲਾ, ਪ੍ਰੇਰਨਾ ਦੇਣ ਦੀ ਕਵਾਇਦ ਬੱਸ ਚਲਦੀ ਰਹਿੰਦੀ ਹੈ। ਇਹੀ ਤਾਂ ਜੀਵਨ-ਸੰਘਰਸ਼ ਹੈ।

# ਜ਼ਿੰਦਗੀ ਦਾ ਹੁਲਾਰਾ ਹਨ ਲੋਕ ਨਾਚ

-ਪ੍ਰਿਤਪਾਲ ਮਾਹਲ



ਲੋਕ ਨਾਚ ਆਪਣੇ ਸਮੇਂ ਦੀ ਰਹਿਣੀ ਬਹਿਣੀ ਤੇ ਕੁਦਰਤੀ ਵਾਤਾਵਰਣ ਦਾ ਦਰਪਣ ਹੁੰਦੇ ਹਨ ਕਿਉਂਕਿ ਨੱਚਣ ਵਾਲਾ ਸਾਰੇ ਨਾਚ ਕਰਮ ਆਪਣੇ ਆਲੇ ਦੁਆਲੇ ਦੇ ਜੀਵਨ ਤੋਂ ਲੈਂਦਾ ਹੈ। ਸ਼ੁਰੂ ਵਿੱਚ ਨਾਚ, ਗੀਤ ਅਤੇ ਸੰਗੀਤ ਤਿੰਨੇ ਰਲੇ ਮਿਲੇ ਹੁਨਰ ਸਨ, ਤਿੰਨੇ ਖੁਸ਼ੀ ਦਾ ਸਾਧਨ ਸਨ, ਪਰ ਜਿਉਂ ਸੱਭਿਅਤਾ ਵੱਧਦੀ ਗਈ, ਇਹ ਤਿੰਨ ਹੁਨਰ ਇਕ ਦੂਜੇ ਤੋਂ ਦੂਰ ਹੁੰਦੇ ਗਏ। ਨਾਚ ਵਧ ਕੇ ਨਾਟ ਸ਼ਾਸਤਰ ਦੇ ਨਿਯਮਾਂ ਵਿੱਚ ਬੱਝ ਗਿਆ, ਗੀਤ ਪਿੰਗਲ ਦੇ ਬੰਧਨਾਂ ਵਿੱਚ ਜਕੜਿਆ ਗਿਆ ਤੇ ਰਾਗ ਸ਼ਾਸਤਰੀ ਸੰਗੀਤ ਵਿੱਚ। ਸਾਜ਼ ਸੰਗੀਤ ਢੋਲਕ ਦੀ ਤਾਲ ਤੋਂ ਵਧਦਾ ਇੰਨੇ ਸਾਜ਼ਾਂ ਵਿੱਚ ਫੈਲ ਗਿਆ ਕਿ ਆਮ ਲੋਕਾਂ ਨੂੰ ਉਨ੍ਹਾਂ ਦੇ ਨਾਂ ਤਾਂ ਕੀ ਗਿਣਤੀ ਵੀ ਯਾਦ ਨਹੀਂ ਰਹਿੰਦੀ।

ਕਲਾਸੀਕਲ ਨਾਚ ਵਿੱਚ ਸੂਖਮ ਭਾਵ ਦਿਖਾਉਣ ਲਈ ਚਿਹਰੇ ਉਤੇ ਤੇਜ਼ ਰੌਸ਼ਨੀ ਪਾਈ ਜਾਂਦੀ ਹੈ ਤੇ ਜੇ ਕਲਾਸੀਕਲ ਨੱਚਣ ਵਾਲੇ ਨੇ ਢੁਕਵੀਂ ਪੁਸ਼ਾਕ ਨਾ ਪਾਈ ਹੋਵੇ ਤਾਂ ਨਾ ਉਹ ਚੰਗੀ ਤਰ੍ਹਾਂ ਨੱਚ ਸਕਦਾ ਹੈ, ਨਾ ਦਰਸ਼ਕਾਂ ਨੂੰ ਮੋਹ ਸਕਦਾ ਹੈ। ਇਸ ਨੂੰ ਪੂਰੀ ਤਰ੍ਹਾਂ ਲੁਭਾਏਮਾਨ ਹੋਣ ਲਈ ਸੋਹਣੀ ਸਟੇਜ ਦਾ ਹੋਣਾ ਵੀ ਜ਼ਰੂਰੀ ਹੈ। ਇਸ ਦੇ ਉਲਟ ਲੋਕ ਨਾਚ ਲਈ ਹਰ ਪੁਸ਼ਾਕ ਢੁਕਵੀਂ ਹੈ, ਜਿੰਨੇ ਸਰੂਰ ਤੇ ਜਿੰਨੀ ਖੁਸ਼ੀ ਵਿੱਚ ਕੋਈ ਨੱਚੇਗਾ, ਓਨਾ ਹੀ ਸੁਹਜ ਅਤੇ ਰੰਗ ਉਸ ਦੇ ਨਾਚ ਵਿੱਚ ਝਲਕੇਗਾ। ਸਾਡੇ ਇਨ੍ਹਾਂ ਨਾਚਾਂ ਵਿੱਚ ਓਨੀ ਹੀ ਤਕੜਾਈ ਤੇ ਜੋਸ਼ ਹੈ ਜਿੰਨੀ ਪੰਜਾਬੀਆਂ ਵਿੱਚ ਮੰਨੀ ਅਤੇ ਸਮਝੀ ਜਾਂਦੀ ਹੈ।

ਪੰਜਾਬ ਦੇ ਲੋਕ ਨਾਚ, ਭੰਗੜਾ, ਗਿੱਧਾ, ਝੂੰਮਰ ਲੁੱਡੀ, ਧਮਾਲ, ਕਿੱਕਲੀ ਤੇ ਸੰਮੀ ਹਨ। ਇਨ੍ਹਾਂ ਵਿੱਚੋਂ ਭੰਗੜਾ ਸਭ ਤੋਂ ਆਰੰਭਿਕ ਤੇ ਪ੍ਰਾਕਿਰਤਿਕ ਸੁਭਾਅ ਵਾਲਾ ਹੈ। ਗਿੱਧਾ ਓਦੋਂ ਉਪਜਿਆ ਜਦੋਂ ਕਬੀਲਿਆਂ ਦੇ ਸਰਦਾਰਾਂ ਨੇ ਆਪਣੀਆਂ ਔਰਤਾਂ ਨੂੰ ਸੁੰਦਰ ਜਾਇਦਾਦਾਂ ਸਮਝਣਾ ਆਰੰਭ ਕਰ ਦਿੱਤਾ ਅਤੇ ਮੁਟਿਆਰਾਂ ਸਵਾਣੀਆਂ ਨੂੰ ਅੰਦਰ ਡੱਕ ਦਿੱਤਾ। ਉਨ੍ਹਾਂ ਦੇ ਜਜ਼ਬੇ ਘੁੱਟੇ ਗਏ ਤੇ ਉਨ੍ਹਾਂ ਦਾ ਸਬੰਧ ਪ੍ਰਾਕਿਰਤੀ ਨਾਲੋਂ ਤੋੜ ਦਿੱਤਾ। ਗਿੱਧਾ ਇਨ੍ਹਾਂ ਮੁਟਿਆਰਾਂ ਦਾ ਸਰੀਰਕ ਅਤੇ ਨਾਟਕੀ ਪ੍ਰਗਟਾਅ ਹੈ। ਕੋਈ ਖੁਸ਼ੀ ਦਾ ਮੌਕਾ ਹੋਵੇ ਤਾਂ ਭੰਗੜਾ ਜ਼ਰੂਰ ਪੈਂਦਾ ਹੈ। ਇਹ ਨਾਚ ਪੰਜਾਬੀਆਂ ਦੇ ਸੁਭਾਅ ਤੇ ਉਨ੍ਹਾਂ ਦੀ ਕਰੜਾਈ ਤੇ ਗਠੀਲੇਪਣ ਦੀ ਇਕ ਪ੍ਰਤੱਖ ਤਸਵੀਰ ਹੈ। ਇਹ ਅਸਲ ਵਿੱਚ ਹੈ ਤਾਂ ਪੱਛਮੀ ਪੰਜਾਬ ਦੇ ਸ਼ੇਖੂਪੁਰੇ, ਗੁਜਰਾਤ ਤੇ ਸਿਆਲਕੋਟ ਜ਼ਿਲਿਆਂ ਦਾ, ਪਰ ਜੋਸ਼ ਪ੍ਰਧਾਨ ਹੋਣ ਕਰਕੇ ਇਹ ਪੰਜਾਬ ਦਾ ਲੋਕ ਨਾਚ ਹੋ ਨਿੱਬੜਿਆ। ਢੋਲ ਇਸ ਨਾਚ ਦਾ ਸਭ ਤੋਂ ਜ਼ਰੂਰੀ ਸਾਜ਼ ਹੈ, ਬਾਕੀ ਸਾਰੇ ਸਾਜ਼ ਉਸ ਦਾ ਸਾਥ ਦੇਣ ਲਈ ਹੁੰਦੇ ਹਨ। ਇਨ੍ਹਾਂ ਵਿੱਚ ਨਗੋਜ਼ੇ, ਤੂੰਬਾ, ਚਿਮਟਾ, ਕਾਟੋ, ਸੱਪ, ਗੱਲ ਕੀ ਜਿਹੜਾ ਵੀ ਸਾਜ਼ ਕਿਸੇ ਕੋਲ ਹੋਵੇ, ਨਾਲ ਢੁਕ ਜਾਂਦਾ ਹੈ। ਆਮ ਕਸਰਤ ਕਰਦੇ ਮਨੁੱਖ ਨੂੰ ਸਿਰਫ ਸਰੀਰ ਦੀ ਤਕੜਾਈ ਦਾ ਖਿਆਲ ਹੁੰਦਾ ਹੈ, ਪਰ ਭੰਗੜਾ ਪਾਉਂਦੇ ਸਮੇਂ ਮਨ ਤੇ ਸਰੀਰ ਦੋਵਾਂ ਦੀ ਕਸਰਤ ਹੁੰਦੀ ਹੈ। ਇਹ ਇਕੋ ਨਾਚ ਹੈ ਜਿਹੜਾ ਪੰਜਾਬੀਆਂ ਨੂੰ ਖੁਸ਼ ਅਤੇ ਬਲਵਾਨ ਯੋਧੇ ਬਣੇ ਰਹਿਣ ਵਿੱਚ ਸਹਾਈ ਹੁੰਦਾ ਹੈ।

ਪੰਜਾਬੀ ਬੋਲੀ ਦੇ ਮੈਦਾਨੀ ਇਲਾਕੇ ਦੇ ਲੋਕ ਨਾਚਾਂ ਵਿੱਚੋਂ ਸਭ ਤੋਂ ਪਹਿਲਾ ਦਰਜਾ ਗਿੱਧੇ ਦਾ ਹੈ, ਕਿਉਂਕਿ ਹੋਰ ਨਾਚਾਂ ਦਾ ਸਬੰਧ ਵਧੇਰੇ ਕਰਕੇ ਪੱਛਮੀ ਪੰਜਾਬ ਨਾਲ ਹੈ। ਗਿੱਧਾ ਹੈ ਸਾਰੇ ਪੰਜਾਬ ਦਾ ਹੈ, ਪਰ ਕਈ ਮੌਸਮ ਵੀ ਇਸ ਨਾਲ ਸਬੰਧ ਰੱਖਦੇ ਹਨ। ਸਾਉਣ ਦੇ ਮਹੀਨੇ ਔਰਤਾਂ ਗਿੱਧੇ ਨੂੰ ਤਿਉਹਾਰ ਦੇ ਰੂਪ ਵਿੱਚ ਮਨਾਉਂਦੀਆਂ ਹਨ। ਇਸ ਦੀ ਏਨੀ ਮਹੱਤਤਾ ਹੈ ਕਿ ਹਰ ਵਿਆਹੀ ਕੁੜੀ ਇਨ੍ਹਾਂ ਦਿਨਾਂ ਵਿੱਚ ਪੇਕੇ ਘਰ ਜ਼ਰੂਰ ਆਉਂਦੀ ਹੈ। ਗਿੱਧਾ ਪਾਉਂਦੀਆਂ ਕੁੜੀਆਂ ਕੇਵਲ ਨੱਚਦੀਆਂ ਹੀ ਨਹੀਂ, ਸਗੋਂ ਮਨ ਦੇ ਭਾਵਾਂ ਨੂੰ ਖੁੱਲ੍ਹੀ ਤਰ੍ਹਾਂ ਪ੍ਰਗਟਾਉਂਦੀਆਂ ਹਨ ਜੋ ਗੀਤਾਂ ਰਾਹੀਂ ਹੁੰਦਾ ਹੈ। ਇਨ੍ਹਾਂ ਦੇ ਬੋਲ ਰਚਣ ਵਾਲੇ ਦਾ ਨਾਂ ਪਤਾ ਹੀ ਨਹੀਂ ਹੁੰਦਾ। ਕੁੜੀਆਂ ਆਪਣੇ ਮਨ ਦੇ ਪਿਆਰ ਉਛਾਲ ਨੂੰ ਨਿਡਰ ਹੋ ਪ੍ਰਗਟ ਕਰਦੀਆਂ ਹਨ ਜਿਵੇਂ:

ਤੈਨੂੰ ਵੇਖਿਆਂ ਸਬਰ ਨਾ ਆਵੇ
ਯਾਰਾ ਤੇਰਾ ਘੁੱਟ ਭਰ ਲਾਂ

ਗਿੱਧੇ ਵਿੱਚ ਤਾਲ ਤਾੜੀ ਨਾਲ ਉਸਾਰਿਆ ਜਾਂਦਾ ਹੈ। ਬੋਲੀ ਪਾ ਕੇ ਉਸ ਬੋਲੀ ਦਾ ਭਾਵ ਨਾਚ ਅਭਿਨੈ ਜਾਂ ਨ੍ਰਿਤ ਨਾਟਕੀ ਢੰਗ ਨਾਲ ਸਾਕਾਰ ਕੀਤਾ ਜਾਂਦਾ ਹੈ। ਇਸ ਵਿੱਚ ਪਿਆਰ, ਬਿਰਹਾ ਤੇ ਨਿੱਤ ਦੇ ਘਰੇਲੂ ਜੀਵਨ ਦੀਆਂ ਝਾਕੀਆਂ ਹੁੰਦੀਆਂ ਹਨ। ਕੋਈ ਗੀਤ ਸੱਸ-ਨੂੰਹ ਦਾ ਝਗੜਾ ਦਰਸਾਉਂਦਾ ਹੈ, ਕਿਤੇ ਵੀਰ ਤੇ ਬਾਬਲ ਦੀ ਸਿਫਤ ਹੁੰਦੀ ਹੈ, ਕਿਤੇ ਮਾਂ ਦੀ ਛਾਂ ਦੀ ਗੱਲ ਤੇ ਕਿਤੇ ਪਤੀ ਦੀ ਮੁਹੱਬਤ ਤੇ ਕਦੀ ਪਤੀ ਦੀ ਬੁਰਾਈ।

ਝੂਮਰ ਪੰਜਾਬ ਦੇ ਲੋਕ ਨਾਚਾਂ ਵਿੱਚੋਂ ਸਭ ਤੋਂ ਵੱਧ ਕਲਾਤਮਿਕ ਨਾਚ ਹੈ। ਇਹ ਨਰੋਲ ਖੁਸ਼ੀ ਪ੍ਰਗਟਾਉਂਦਾ ਹੈ। ਝੂਮਰ ਨੱਚਣ ਵਾਲਾ ਬੜੇ ਕਲਾਤਮਿਕ ਤੇ ਨਜ਼ਾਕਤ ਨਾਲ ਝੂਮਦਾ ਹੈ ਜਿਵੇਂ ਫੁੱਲਾਂ ਲੱਦੀਆਂ ਡਾਲੀਆਂ ਝੂਮਦੀਆਂ ਹਨ। ਇਸ ਦੀ ਲੈਅ ਲੰਬੀ ਹੁੰਦੀ ਹੈ ਤੇ ਢੋਲ ਦੀ ਤਾਲ ਕੋਮਲ ਹੁੰਦੀ ਹੈ। ਇਹ ਲਹੂ ਗੇੜ ਵਰਗਾ ਹੈ ਤੇ ਚੱਕਰ ਧੁਨੀ ਨਾਲ ਮਘਦਾ ਹੈ। ਝੂਮਰ ਪੱਛਮੀ ਪੰਜਾਬ ਦੇ ਸਾਂਦਲ ਬਾਰ ਦੇ ਲੋਕਾਂ ਦਾ ਮਰਦਾਵਾਂ ਨਾਚ ਹੈ। ਇਸ ਵਿੱਚ ਲਾਇਲਪੁਰ, ਸ਼ੇਖੂਪੁਰਾ, ਮਿੰਟਗੁਮਰੀ ਅਤੇ ਝੰਗ ਜ਼ਿਲਿਆਂ ਦਾ ਕੁਝ ਇਲਾਕਾ ਆਉਂਦਾ ਹੈ।

ਵਹੀਰਾਂ ਵਿੱਚ ਟੁਰਦੀਆਂ ਡਾਚੀਆਂ ਦੀਆਂ ਲੰਮੀਆਂ ਗਰਦਨਾਂ ਦਾ ਹੁਲਾਰ ਤੇ ਉਨ੍ਹਾਂ ਦੇ ਗਲ ਪਈਆਂ ਟੱਲੀਆਂ ਦੀ ਟੁਣਕਾਰ ਜਾਂਗਲੀਆਂ ਦੇ ਮਨਾਂ ਨੂੰ ਲੈਅ ਮਈ ਬਣਾ ਦਿੰਦੀਆਂ ਹਨ। ਇਹ ਲੋਕ ਆਪ ਤਾਂ ਨੱਚਦੇ ਸਨ ਆਪਣੇ ਘੋੜਿਆਂ ਤੇ ਊਠਾਂ 'ਤੇ ਬੈਠ ਕੇ ਉਨ੍ਹਾਂ ਨੂੰ ਵੀ ਖੁਸ਼ੀ ਵਿੱਚ ਨਚਾਉਂਦੇ ਸਨ। ਇਸ ਨਾਚ ਦਾ ਜ਼ਰੂਰੀ ਸਾਜ਼ ਵੀ ਢੋਲ ਹੈ ਤੇ ਢੋਲ ਵੀ ਅਜਿਹਾ ਜਿਸ ਦੀ ਆਵਾਜ਼ ਰਾਤ ਦੇ ਟਿਕਵੇਂ ਸਮੇਂ ਮੀਲਾਂ ਤੱਕ ਸੁਣਾਈ ਦਿੰਦੀ ਹੈ। ਮੱਠੀ ਨੂੰ ਝੂਮਰ ਤਾਲ, ਦੂਜੀ ਨੂੰ ਚੀਣ ਛੜਕਣ ਤੇ ਤੀਜੀ ਨੂੰ ਧਮਾਲ ਆਖਦੇ ਹਨ। ਕਈ ਵਾਰੀ ਢੋਲੀ ਆਪਣੀ ਤਰੰਗ ਵਿੱਚ ਆ ਕੇ ਗੌਣ ਲੱਗ ਪੈਂਦਾ ਹੈ।

ਮੈਂ ਤਾਂ ਪਾਣੀ ਭਰੇਨੀ ਆਂ ਪੱਤਣੋਂ
ਭੈੜੇ ਨੈਣ ਨਾ ਰਹਿੰਦੇ ਤੱਕਣੋਂ

ਨੱਚਦੇ ਹੋਏ ਝੂਮਰੀ ਮੂੰਹ ਵਿੱਚੋਂ ਸ਼ੀ ਸ਼ੀ ਦੀ ਆਵਾਜ਼ ਕੱਢਦੇ ਹਨ, ਜਿਸ ਨੂੰ ਫੁੰਮਣੀਆਂ ਕੱਢਣੀਆਂ ਕਹਿੰਦੇ ਹਨ। ਸੰਮੀ ਔਰਤਾਂ ਦਾ ਨਾਚ ਹੈ ਤੇ ਇਸ ਦਾ ਸਬੰਧ ਵੀ ਸਾਂਦਲ ਬਾਰ ਦੇ ਇਲਾਕੇ ਨਾਲ ਹੈ। ਚਾਨਣੀਆਂ ਰਾਤਾਂ ਵਿੱਚ ਜਦੋਂ ਕੁੜੀਆਂ ਇਕੱਠੀਆਂ ਹੋ ਕੇ ਸੰਮੀ ਪਾਉਂਦੀਆਂ ਹਨ ਤਾਂ ਉਨ੍ਹਾਂ ਦੀਆਂ ਬਾਹਾਂ ਦੇ ਉਲਾਰ ਨਾਲ ਚੂੜੀਆਂ ਦੀ ਛਣਕਾਰ ਪੈਰਾਂ ਦੀ ਧਮਕ ਅਤੇ ਝਾਂਜਰਾਂ ਦੀ ਟੁਣਕਾਰ ਇਕੋ ਸਮੇਂ ਹੁੰਦੀ ਹੈ। ਇਸ ਨਾਚ ਵਿੱਚ ਕਿਸੇ ਸਾਜ਼ ਦੀ ਲੋੜ ਨਹੀਂ। ਤਾਲ ਦਾ ਹਿਸਾਬ ਕੇਵਲ ਤਾੜੀਆਂ ਤੇ ਚੁਟਕੀਆਂ ਨਾਲ ਹੀ ਰੱਖਿਆ ਜਾਂਦਾ ਹੈ। ਕਿੱਕਲੀ ਅਸਲ ਵਿੱਚ ਨਿੱਕੀਆਂ ਕੁੜੀਆਂ ਦਾ ਨਾਚ ਹੈ। ਕਦੇ-ਕਦੇ ਨਿੱਕੇ ਮੁੰਡੇ ਕੁੜੀਆਂ ਰਲ ਕੇ ਵੀ ਕਿੱਕਲੀ ਪਾ ਲੈਂਦੇ ਹਨ। ਭਰਾ ਤੇ ਭੈਣ ਦਾ ਪਿਆਰ ਹਾਣ ਦਾ ਹੈ, ਇਹੀ ਕਾਰਨ ਹੈ ਕਿ ਕਿੱਕਲੀ ਵਿੱਚ ਬਹੁਤੇ ਗੀਤ ਭੈਣ ਵੱਲੋਂ ਭਰਾ ਦੇ ਪਿਆਰ ਦਾ ਵਰਣਨ ਕਰਦੇ ਹਨ ਜਿਵੇਂ:

ਕਿੱਕਲੀ ਕਲੀਰ ਦੀ, ਪੱਗ ਮੇਰੇ ਵੀਰ ਦੀ
ਦੁਪੱਟਾ ਮੇਰੇ ਭਾਈ ਦਾ, ਫਿੱਟੇ ਮੂੰਹ ਜਵਾਈ ਦਾ

ਇਸ ਤਰ੍ਹਾਂ ਲੁੱਡੀ ਪੰਜਾਬ ਦਾ ਖੁਸ਼ੀ ਦਾ ਨਾਚ ਹੈ। ਲੋਕ ਕਿਸੇ ਜਿੱਤ ਦੀ ਖੁਸ਼ੀ ਵਿੱਚ ਲੁੱਡੀ ਪਾਉਂਦੇ ਹਨ। ਅੱਜ ਦੇ ਯੁੱਗ ਵਿੱਚ ਲੋਕ ਨਾਚ ਸਿਰਫ ਲੋਕ ਨਾਚ ਨਹੀਂ, ਇਸ ਦੇ ਵਿੱਚ ਲੋਕਾਂ ਦੇ ਸੂਝ ਪੱਧਰ ਦਾ ਵੀ ਪਤਾ ਲੱਗਦਾ ਹੈ। ਮੇਰੇ ਵਿਸ਼ਵਾਸ ਵਿੱਚ ਲੋਕ ਨਾਚ ਨੱਚਣ ਲਈ ਮਨ ਦਾ ਕਲਾਕਾਰ ਹੋਣਾ ਬਹੁਤ ਜ਼ਰੂਰੀ ਹੈ। ਪੰਜਾਬੀਆਂ ਦਾ ਦਿਲ ਬੜਾ ਨਿੱਗਾ ਹੈ ਤੇ ਇਹ ਬੜਾ ਭਰਪੂਰ ਹਾਸਾ ਹੱਸਦੇ ਹਨ। ਹਰ ਦੇਸ਼ ਦੀ ਕਲਾ ਉਸ ਦੇ ਸੱਭਿਆਚਾਰ ਦਾ ਪ੍ਰਤੀਕ ਹੋ ਨਿਬੜਦੀ ਹੈ।

## -ਮਿੰਨੀ ਕਹਾਣੀ-

### ਸਭ ਸੰਭਵ

-ਸੁਦਰਸ਼ਨ ਭਾਟੀਆ

''ਬਜਟ ਸੈਸ਼ਨ ਨੂੰ ਅਜੇ ਦੋ ਮਹੀਨੇ ਹਨ।'' ਮੁੱਖ ਮੰਤਰੀ ਮਨ ਹੀ ਮਨ ਚਿੰਤਤ ਹੋਏ। ਉਨ੍ਹਾਂ ਨੂੰ ਅਚਾਨਕ 50 ਲੱਖ ਦੀ ਲੋੜ ਪੈ ਗਈ। ਇੱਕ ਵੱਡੇ ਸੇਠ ਦਾ ਬਗੀਚਾ ਖਰੀਦਣਾ ਸੀ। ਕੋਈ ਤਰਕੀਬ ਨਹੀਂ ਸਮਝ ਆ ਰਹੀ ਸੀ ਉਨ੍ਹਾਂ ਨੂੰ। ਅਚਾਨਕ ਫੋਨ ਦੀ ਘੰਟੀ ਵੱਜੀ। ਉਨ੍ਹਾਂ ਦੀ ਸੋਚ ਟੁੱਟੀ। ਫੋਨ ਉਠਾਇਆ-''ਹਾਂ, ਮੈਂ ਬੋਲ ਰਿਹਾ ਹਾਂ।''

''ਜੀ! ਜੇ ਤੁਸੀਂ ਮੇਰੀ ਫਾਈਲ ਕਲੀਅਰ ਕਰ ਦਿੰਦੇ ਤਾਂ ਪੰਜਾਹ ਲੱਖ ਹੱਥੋ-ਹੱਥ ਪਹੁੰਚਾ ਦਿੰਦਾ, ਪੈਸਾ ਤਿਆਰ ਹੈ।'' ਸੁਣਦੇ ਹੀ ਮੁੱਖ ਮੰਤਰੀ ਨੇ ਮਨ ਹੀ ਮਨ ਖੁਸ਼ੀ ਮਨਾਈ। ਉਨ੍ਹਾਂ ਦੀ ਸਮੱਸਿਆ ਪਲਾਂ 'ਚ ਦੂਰ ਹੋ ਗਈ। ਪਲ 'ਚ ਹੀ ਸੋਚ ਬੈਠੇ-ਚੰਚਲ ਮਨ ਨਾਲ, ''ਤੂੰ ਬੜਾ ਮੂਰਖ ਹੈਂ। ਅੱਜ ਪੰਜਾਹ ਲੱਖ ਦੀ ਥਾਂ ਜ਼ਿਆਦਾ ਵੀ ਸੋਚਦਾ ਤਾਂ ਭਗਵਾਨ ਓਨੀ ਵੱਡੀ ਭੇਟ ਦੇਣ ਵਾਲਾ ਭੇਜ ਦਿੰਦਾ ਤੇਰੇ ਕੋਲ। ਜਦੋਂ ਤੂੰ ਇੱਛਾ ਹੀ ਛੋਟੀ ਰੱਖੀ ਤਾਂ ਰਕਮ ਵੀ ਛੋਟੀ ਆਉਣੀ ਸੀ। ਫਿਰ ਕੁਝ ਸੰਭਲ ਕੇ ਬੋਲੇ, ''ਬਹੁਤ ਪੇਚੀਦਾ ਕੇਸ ਹੈ ਤੁਹਾਡਾ। ਪੈਸਿਆਂ ਦੀ ਕੋਈ ਗੱਲ ਨਹੀਂ। ਜੇ ਕਰਨ ਵਾਲਾ ਹੁੰਦਾ ਤਾਂ ਮੇਰੇ ਕੋਲ ਪਿਆ ਨਾ ਹੁੰਦਾ।''

ਵਪਾਰੀ ਨੇ ਮਨ ਹੀ ਮਨ ਸੋਚਿਆ-ਬਹੁਤ ਘਾਗ ਹੈ ਇਹ। ਭਲਾ ਇਸ ਲਈ ਵੀ ਕੁਝ ਮੁਸ਼ਕਲ ਹੈ? ਆਖਰ ਸੂਬੇ ਦਾ ਮੁੱਖ ਮੰਤਰੀ ਹੈ ਚੰਚਲ ਦਾਸ। ਉਸ ਨੇ ਤੁਰੰਤ ਮੌਕਾ ਸੰਭਾਲਿਆ। ਬੋਲਿਆ, ''ਸਰ, ਤੁਹਾਡੇ ਲਈ ਸਭ ਸੰਭਵ ਹੈ। 75 ਲੱਖ ਭਿਜਵਾ ਰਿਹਾ ਹਾਂ। ਨਾਂਹ-ਨੁੱਕਰ ਨਾ ਕਰੋ ਹਜ਼ੂਰ।''

''ਨਾਂਹ ਕਰਦਾ ਤਾਂ ਤੁਹਾਨੂੰ ਬੁਰਾ ਲੱਗੇਗਾ, ਭੇਜ ਦਿਓ। ਆਰਡਰ ਵੀ ਭਿਜਵਾ ਦਿਆਂਗਾ, ਇੱਕ-ਦੋ ਦਿਨਾਂ 'ਚ।''

ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

Real Estate Exam Prep

ਰਿਐਲਟਰ ਬਣਨ ਦਾ ਸੁਨਿਹਰੀ ਮੌਕਾ,
ਲੰਘ ਗਿਆ ਸਮਾਂ ਹੱਥ ਨਹੀਂ ਆਉਣਾ

The Rules are changing
For Real Estate Licence

It will become a Full Time College course soon!
To Avoid going to college for 2-3 Years, Join Now


Call: 647-625-7961

Pass each exam in just 2 weeks
○Easy to Understand Material
○Important Practice Questions
○Limited Summarized Material




2250 Bovaird Dr E, Unit#407, Medical Building
Behind RBC, Sunny Meadow/Bovaird

# ਅਮਰੀਕਾ ਦਾ ਭਾਰਤ ਵੱਲ ਹੱਦੋਂ ਬਾਹਲਾ ਉਲਾਰਪੁਣਾ ਸੋਘੇ ਰਹਿਣ ਦਾ ਮੁੱਦਾ



ਜਤਿੰਦਰ ਪੰਨੂ

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਫੈਸਲੇ ਮੁਤਾਬਕ ਉਨ੍ਹਾਂ ਦੇ ਦੂਤਾਂ ਨੇ ਯੂ ਐੱਨ ਸਕਿਓਰਿਟੀ ਕੌਂਸਲ ਵਿੱਚ ਇੱਕ ਵਾਰ ਫਿਰ ਦਹਿਸ਼ਤਗਰਦ ਮਸੂਦ ਅਜ਼ਹਰ ਦੇ ਖਿਲਾਫ ਮਤਾ ਪੇਸ਼ ਕਰ ਦਿੱਤਾ ਹੈ। ਇਹ ਮਤਾ ਭਾਰਤ ਦੇ ਪੱਖ ਵਿੱਚ ਜਾਣ ਵਾਲਾ ਅਤੇ ਪਾਕਿ-ਸਤਾਨ ਦੀ ਸਰਕਾਰ ਦੇ ਨਾਲ ਉਸ ਦੇ ਹਮਾਇਤੀ ਚੀਨ ਨੂੰ ਵੀ ਕਸੂਤਾ ਫਸਾਉਣ ਵਾਲਾ ਹੋਣ ਕਾਰਨ ਭਾਰਤ ਦੇ ਲੋਕ ਖੁਸ਼ ਹੋਏ ਹਨ। ਉਨ੍ਹਾਂ ਦਾ ਖੁਸ਼ ਹੋਣਾ ਜਾਇਜ਼ ਵੀ ਹੈ। ਲੰਮੇ ਸਮੇਂ ਤੋਂ ਭਾਰਤ ਦੇ ਵਿਰੁੱਧ ਚੱਲ ਰਹੀ ਦਹਿਸ਼ਤਗਰਦੀ ਵਿੱਚ ਮਸੂਦ ਅਜ਼ਹਰ, ਹਾਫਿਜ਼ ਸਈਦ, ਸਲਾਹੁਦੀਨ ਤੇ ਜ਼ਕੀ-ਉਰ-ਰਹਿਮਾਨ ਵਰਗੇ ਕਈ ਲੋਕ ਚਰਚਾ ਦਾ ਕੇਂਦਰ ਰਹੇ ਹਨ। ਪਿਛਲੇ ਫਰਵਰੀ ਮਹੀਨੇ ਵਿੱਚ ਜੰਮੂ-ਕਸ਼ਮੀਰ ਦੇ ਪੁਲਵਾਮਾ ਵਿੱਚ ਸੀ ਆਰ ਪੀ ਐੱਫ ਦੇ ਕਾਫਲੇ ਉੱਤੇ ਜਦੋਂ ਹਮਲਾ ਕੀਤਾ ਗਿਆ ਤੇ ਚਾਲੀ ਤੋਂ ਵੱਧ ਜਵਾਨਾਂ ਦੀ ਮੌਤ ਹੋ ਗਈ ਸੀ, ਉਸ ਦੇ ਪਿੱਛੇ ਵੀ ਮਸੂਦ ਅਜ਼ਹਰ ਦਾ ਹੱਥ ਸੀ। ਖੁਦ ਮਸੂਦ ਅਜ਼ਹਰ ਨੇ ਇਸ ਦੀ ਜ਼ਿਮੇਵਾਰੀ ਲਈ ਸੀ ਤੇ ਜਦੋਂ ਸਾਰੇ ਸੰਸਾਰ ਵਿੱਚ ਪਾਕਿਸਤਾਨ ਸਰਕਾਰ ਇਸ ਜ਼ਿਮੇਵਾਰ ਨਾਲ ਕਸੂਤੀ ਫਸ ਗਈ ਤਾਂ ਮਸੂਦ ਨੇ ਇਸ ਜ਼ਿਮੇਵਾਰੀ ਤੋਂ ਖੁਦ ਨੂੰ ਵੱਖ ਕਰਨ ਦਾ ਯਤਨ ਕੀਤਾ ਸੀ। ਭਾਰਤ ਇਸ ਹਮਲੇ ਨਾਲ ਭੜਕਿਆ ਸੀ ਤੇ ਦੋਵਾਂ ਦੇਸ਼ਾਂ ਦੀ ਜੰਗ ਹੁੰਦੀ-ਹੁੰਦੀ ਮਸਾਂ ਬਚੀ ਸੀ। ਇਹ ਗੱਲਾਂ ਹਰ ਕੋਈ ਜਾਣਦਾ ਹੈ। ਅਮਰੀਕਾ ਨੇ ਜਦੋਂ ਮਸੂਦ ਅਜ਼ਹਰ ਦੇ ਖਿਲਾਫ ਮਤਾ ਪੇਸ਼ ਕੀਤਾ ਅਤੇ ਚੀਨ ਦੇ ਦਖਲ ਨਾਲ ਇੱਕ ਵਾਰ ਰੱਦ ਹੋਣ ਮਗਰੋਂ ਫਿਰ ਪੇਸ਼ ਕਰ ਦਿੱਤਾ ਤਾਂ ਇਸ ਨੂੰ ਭਾਰਤ ਦੇ ਪੱਖ ਵਿੱਚ ਇੱਕ ਬੜੀ ਵੱਡੀ ਤਬਦੀਲੀ ਵਜੋਂ ਵੇਖਿਆ ਗਿਆ ਹੈ।

ਮਸੂਦ ਅਜ਼ਹਰ ਉਸੇ ਪਾਕਿਸਤਾਨ ਵਿੱਚ ਹੈ, ਜਿੱਥੇ ਪਹਿਲਾਂ ਕਦੀ ਉਹ ਓਸਾਮਾ ਬਿਨ ਲਾਦੇਨ ਹੁੰਦਾ ਸੀ, ਜਿਸ ਨੇ ਅਮਰੀਕਾ ਦੇ ਨਿਊ ਯਾਰਕ ਵਿੱਚ ਵਰਲਡ ਟਰੇਡ ਸੈਂਟਰ ਦੇ ਟਾਵਰਾਂ ਉੱਤੇ ਜਹਾਜ਼ ਮਰਵਾਏ ਸਨ। ਅਮਰੀਕਾ ਨੇ ਲਾਦੇਨ ਦੇ ਮੁੱਦੇ ਉੱਤੇ ਪਾਕਿਸਤਾਨ ਦੇ ਖਿਲਾਫ ਕਦੇ ਏਨਾ ਸਖਤ ਸਟੈਂਡ ਨਹੀਂ ਲਿਆ। ਅਫਗਾਨਿਸਤਾਨ ਤੋਂ ਤਾਲਿਬਾਨ ਦੀ ਹਕੂਮਤ ਉਖਾੜ ਦੇਣ ਦੇ ਬਾਅਦ ਉਸੇ ਅਮਰੀਕਾ ਦਾ ਇੱਕ ਹੋਰ ਬਹੁਤ ਵੱਡਾ ਦੁਸ਼ਮਣ ਮੁੱਲਾ ਉਮਰ ਓਥੋਂ ਭੱਜ ਕੇ ਪਾਕਿਸਤਾਨ ਦੀ ਫੌਜ ਦੇ ਹਸਪਤਾਲ ਵਿੱਚ ਇਲਾਜ ਕਰਵਾਉਂਦਾ ਤੇ ਅਮਰੀਕਾ ਵਿਰੁੱਧ ਹਮਲਾਵਰੀ ਕਰਦਾ ਰਿਹਾ ਸੀ। ਓਦੋਂ ਵੀ ਅਮਰੀਕਾ ਦੀ ਸਰਕਾਰ ਨੇ ਪਾਕਿਸਤਾਨ ਦੇ ਖਿਲਾਫ ਇਹੋ ਜਿਹਾ ਮਤਾ ਪੇਸ਼ ਕਰਨ ਦੀ ਲੋੜ ਨਹੀਂ ਸਮਝੀ। ਹੱਕਾਨੀ ਨੈੱਟਵਰਕ ਬੜੇ ਚਿਰ ਤੋਂ ਅਮਰੀਕਾ ਨੂੰ ਲਗਾਤਾਰ ਤੰਗ ਕਰਦਾ ਆ ਰਿਹਾ ਹੈ। ਡੋਨਾਲਡ ਟਰੰਪ ਵਾਲੀ ਸਰਕਾਰ ਨੇ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੇ ਵਕਤ ਵੀ ਇਹ ਮੁੱਦਾ ਕਈ ਵਾਰ ਉਠਾਇਆ ਅਤੇ ਨਵੇਂ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਸਾਹਮਣੇ ਵੀ ਰੱਖਿਆ ਹੈ। ਹੱਕਾਨੀ ਗਰੁੱਪ ਪਾਕਿਸਤਾਨ ਵਿੱਚੋਂ ਉੱਠ ਕੇ ਅਫਗਾਨਿਸਤਾਨ ਵਿੱਚ ਅਮਰੀਕੀ ਫੌਜਾਂ ਉੱਤੇ ਹਮਲੇ ਕਰਦਾ ਹੈ। ਮੁੱਖ ਨਿਸ਼ਾਨਾ ਉਹ ਲਗਾਤਾਰ ਅਮਰੀਕਾ ਵਾਲੇ ਨਾਟੋ ਬਲਾਕ ਦੀਆਂ ਫੌਜਾਂ ਨੂੰ ਬਣਾ ਰਿਹਾ ਹੈ। ਇਸ ਦੇ ਬਾਵਜੂਦ ਹੱਕਾਨੀ ਗਰੁੱਪ ਦੇ ਮੁੱਦੇ ਬਾਰੇ ਅਮਰੀਕਾ ਅਤੇ ਉਸ ਦੇ ਗਰੁੱਪ ਦੇ ਦੇਸ਼ਾਂ ਨੇ ਪਾਕਿਸਤਾਨ ਦੇ ਵਿਰੁੱਧ ਯੂ ਐੱਨ ਓ ਕੋਲ ਕਦੇ ਇਸ ਤਰ੍ਹਾਂ ਦੀ ਪਹੁੰਚ ਨਹੀਂ ਕੀਤੀ, ਜਿਹੋ ਜਿਹੀ ਭਾਰਤ ਦੇ ਹਿੱਤਾਂ ਖਾਤਰ ਉਨ੍ਹਾਂ ਨੇ



ਕੀਤੀ ਹੈ।

ਮੈਂ ਭਾਰਤੀ ਹਾਂ ਤੇ ਕਿਸੇ ਵੀ ਹੋਰ ਗੱਲ ਤੋਂ ਪਹਿਲਾਂ ਭਾਰਤ ਦੇ ਹਿੱਤਾਂ ਬਾਰੇ ਜਦੋਂ ਸੋਚਦਾ ਹਾਂ ਤਾਂ ਇਸ ਤਰ੍ਹਾਂ ਕਿਸੇ ਉੱਤੇ ਅਹਿਸਾਨ ਨਹੀਂ ਕਰਦਾ। ਹਰ ਦੇਸ਼ ਦਾ ਜਿਹੜਾ ਵੀ ਨਾਗਰਿਕ ਆਪਣੇ ਵਤਨ ਦੀ ਮਿੱਟੀ ਨਾਲ ਪਿਆਰ ਕਰਦਾ ਹੋਵੇ, ਉਹ ਆਪਣੇ ਦੇਸ਼ ਦੇ ਹਿੱਤਾਂ ਨੂੰ ਪਹਿਲ ਦੇਣਾ ਆਪਣਾ ਫਰਜ਼ ਸਮਝਦਾ ਹੈ। ਮੈਂ ਵੀ ਇਹ ਫਰਜ਼ ਸਮਝਦਾ ਹਾਂ। ਫਰਜ਼ ਦੀ ਗੱਲ ਸੋਚਦੇ ਹੋਏ ਵੀ ਮੈਨੂੰ ਅਗਲੀ ਗੱਲ ਇਹ ਸੋਚਣੀ ਪੈਂਦੀ ਹੈ ਕਿ ਪੰਜਾਬੀ ਦਾ ਇੱਕ ਮੁਹਾਵਰਾ ਹੈ ਕਿ ਮਾਂ ਨਾਲੋਂ ਹੇਜਲੀ ਫੱਫੇਕੁੱਟਣੀ ਹੁੰਦੀ ਹੈ। ਅਮਰੀਕਾ ਸਾਡੇ ਦੇਸ਼ ਬਾਰੇ ਇਸ ਦੇਸ਼ ਦੇ ਹਾਕਮਾਂ ਤੋਂ ਵੀ ਅੱਗੇ ਵਧ ਕੇ ਸੋਚ ਰਿਹਾ ਹੈ। ਅੱਗੇ ਕਦੀ ਇਸ ਤਰ੍ਹਾਂ ਨਹੀਂ ਸੀ ਹੁੰਦਾ। ਜਦੋਂ ਮੁੰਬਈ ਵਿੱਚ ਇੱਕ ਸੌ ਛਿਆਹਠ ਲੋਕ ਮਾਰੇ ਗਏ ਸਨ ਅਤੇ ਇਨ੍ਹਾਂ ਮ੍ਰਿਤਕਾਂ ਵਿੱਚ ਕਈ ਅਮਰੀਕੀ ਵੀ ਸਨ, ਅਮਰੀਕਾ ਦੀ ਸਰਕਾਰ ਓਦੋਂ ਭਾਰਤ ਨਾਲੋਂ ਵੱਧ ਇਹ ਗੱਲ ਜਾਣਦੀ ਸੀ ਕਿ ਹਮਲਾ ਕਰਨ ਦੇ ਲਈ ਸਾਰੇ ਦਹਿਸ਼ਤਗਰਦ ਪਾਕਿਸਤਾਨ ਤੋਂ ਆਏ ਸਨ ਤੇ ਜ਼ਕੀ-ਉਰ-ਰਹਿਮਾਨ ਉਰਫ ਚਾਚਾ ਉਨ੍ਹਾਂ ਨੂੰ ਉਸ ਹਮਲੇ ਦੌਰਾਨ ਵੀ ਹਦਾਇਤਾਂ ਦੇਂਦਾ ਰਿਹਾ ਸੀ। ਉਹ ਆਦਮੀ ਅੱਜ ਤੱਕ ਪਾਕਿਸਤਾਨ ਵਿੱਚ ਬੈਠਾ ਹੈ। ਪਾਕਿਸਤਾਨੀ ਮੂਲ ਦੇ ਇੱਕ ਅਮਰੀਕੀ ਨਾਗਰਿਕ ਡੇਵਿਡ ਕੋਲਮੈਨ ਹੈਡਲੀ ਨੇ ਮੁੰਬਈ ਵਿੱਚ ਅਗੇਤਾ ਗੇੜਾ ਲਾ ਕੇ ਦਹਿਸ਼ਤਗਰਦਾਂ ਦਾ ਕੰਮ ਸੌਖਾਲਾ ਕਰਨ ਲਈ ਕੱਚੇ ਕਾਗਜ਼ਾਂ ਉੱਤੇ ਨਕਸ਼ੇ ਬਣਾਏ ਸਨ ਤੇ ਅਮਰੀਕੀ ਸਰਕਾਰ ਇਹ ਵੀ ਜਾਣਦੀ ਸੀ। ਉਸ ਦਹਿਸ਼ਤਗਰਦ ਹਮਲੇ ਨਾਲ ਹਾਫਿਜ਼ ਸਈਦ ਦਾ ਜੁੜੇ ਹੋਣਾ ਵੀ ਅਮਰੀਕਾ ਨੂੰ ਮੁੱਢਲੇ ਦਿਨਾਂ ਤੋਂ ਪਤਾ ਸੀ। ਡੇਵਿਡ ਕੋਲਮੈਨ ਹੇਡਲੀ ਨੇ ਵਾਅਦਾ ਮੁਆਫ ਗੁਆਹ ਬਣਨ ਪਿੱਛੋਂ ਜਿਹੜਾ ਇਕਬਾਲੀਆ ਬਿਆਨ ਦਿੱਤਾ, ਉਸ ਦੇ ਬਾਰੇ ਭਾਰਤ ਤੋਂ ਪਹਿਲਾਂ ਅਮਰੀਕਾ ਨੂੰ ਪਤਾ ਸੀ ਤੇ ਉਸ ਨੇ ਪਾਕਿਸਤਾਨੀ ਖੁਫੀਆ ਏਜੰਸੀ ਆਈ ਐੱਸ ਆਈ ਨਾਲ ਸੰਬੰਧਤ ਦੋ ਵੱਡੇ ਅਫਸਰਾਂ ਦੇ ਨਾਂਅ ਵੀ ਦੱਸੇ ਸਨ, ਪਰ ਇਸ ਦੇ ਬਾਵਜੂਦ ਅਮਰੀਕਾ ਨੇ ਕਦੇ ਉਸ ਕਿਸਮ ਦੀ ਸਰਗਰਮੀ ਨਹੀਂ ਵਿਖਾਈ, ਜਿਹੜੀ ਇਸ ਵਾਰ ਵਿਖਾ ਰਿਹਾ ਹੈ। ਜ਼ਕੀ-ਉਰ-ਰਹਿਮਾਨ ਲਖਵੀ ਜਾਂ ਹਾਫਿਜ਼ ਸਈਦ ਜਾਂ ਆਈ ਐੱਸ ਆਈ ਵਾਲੇ ਦੋਵਾਂ ਅਫਸਰਾਂ ਦੇ ਮੁੱਦੇ ਉੱਤੇ ਚੁੱਪ ਰਹਿ ਚੁੱਕਾ ਅਮਰੀਕਾ ਜਦੋਂ ਅਚਾਨਕ ਹੀ ਭਾਰਤ ਦਾ ਹੱਦੋਂ ਵੱਧ ਤਿੱਖਾ ਹੇਜ ਵਿਖਾਉਣ ਵਾਲਾ ਸਮੱਰਥਕ ਬਣ ਤੁਰਿਆ ਹੈ ਤਾਂ ਭਾਰਤੀ ਨਾਗਰਿਕ ਹੋਣ ਦੇ ਨਾਤੇ ਇਸ ਪੱਖ ਬਾਰੇ ਸੋਚਣਾ ਵੀ ਸਾਡਾ ਭਾਰਤੀਆਂ ਦਾ ਫਰਜ਼ ਹੋਣਾ ਚਾਹੀਦਾ ਹੈ।

ਅੱਜ ਵਾਲੀ ਸਥਿਤੀ ਵਿੱਚ ਅਮਰੀਕਾ ਜਦੋਂ ਭਾਰਤ ਦੇ ਪੱਖ ਵਿੱਚ ਇਸ ਹੱਦ ਤੱਕ ਉਲਾਰ ਦਿਖਾਈ ਦੇਂਦਾ ਹੈ, ਉਸ ਵਕਤ ਸਾਨੂੰ ਇਹ ਵੇਖਣਾ ਚਾਹੀਦਾ ਹੈ ਕਿ ਬੀਤੇ ਸਮੇਂ ਵਿੱਚ ਜਿਨ੍ਹਾਂ ਦੇਸ਼ਾਂ ਦੇ ਪੱਖ ਵਿੱਚ ਉਹ ਏਨਾ ਉਲਾਰ ਹੋਇਆ, ਉਨ੍ਹਾਂ ਦਾ ਬਾਅਦ ਵਿੱਚ ਕੀ ਬਣਿਆ ਸੀ? ਅਮਰੀਕਾ ਦਾ ਰਾਸ਼ਟਰਪਤੀ ਭਾਰਤ ਦੇ ਲੋਕਾਂ ਨੇ ਨਹੀਂ ਚੁਣਿਆ ਹੁੰਦਾ। ਉਸ ਨੂੰ ਜਿਸ ਦੇਸ਼ ਦੇ ਲੋਕਾਂ ਨੇ ਚੁਣਿਆ ਹੈ, ਉਸ ਦੇਸ਼ ਦੇ ਲੋਕਾਂ ਦੇ ਹਿੱਤਾਂ ਬਾਰੇ ਸੋਚਣਾ ਉਸ ਦਾ ਪਹਿਲਾ ਕੰਮ ਹੈ ਤੇ ਜਿਹੜੇ ਵੀ ਕਦਮ ਉਹ ਪੁੱਟਦਾ ਹੈ, ਉਨ੍ਹਾਂ ਵਿੱਚ ਹੋਰ ਕਿਸੇ ਧਿਰ ਤੋਂ ਪਹਿਲਾਂ ਅਮਰੀਕੀ ਲੋਕਾਂ ਦੇ ਹਿੱਤਾਂ ਦਾ ਖਿਆਲ ਰੱਖਣਾ ਪੈਂਦਾ ਹੈ। ਕੁਝ ਲੋਕ ਇਸ ਵੇਲੇ ਦੀ ਅਮਰੀਕਾ ਦੀ ਨੀਤੀ ਨੂੰ ਚੀਨ ਨਾਲ ਵਪਾਰ ਦੇ ਆਢੇ ਦਾ ਸਿੱਟਾ ਆਖਦੇ ਹਨ। ਸ਼ਾਇਦ ਇੱਕ ਹੱਦ ਤੱਕ ਇਹ ਠੀਕ ਗੱਲ ਲੱਗਦੀ ਹੈ, ਪਰ ਸਿਰਫ ਇਹੋ ਨਹੀਂ ਹੋ ਸਕਦੀ। ਅਮਰੀਕੀ ਨੀਤੀ ਸਮਝ ਸਕਣਾ ਏਨਾ ਸੌਖਾ ਕਦੇ ਨਹੀਂ ਗਿਣਿ-ਆ ਜਾਂਦਾ। ਦੂਸਰੀ ਸੰਸਾਰ ਜੰਗ ਦੇ ਵੇਲੇ ਅਮਰੀਕੀ ਨੀਤੀ ਬਾਰੇ ਅਖੀਰ ਤੱਕ ਕਿਆਫੇ ਲੱਗਦੇ ਰਹੇ ਸਨ ਤੇ ਹਿਟਲਰ ਦੀ ਧਾੜ ਨੂੰ ਹੂੰਝਾ ਵੱਜ ਜਾਣ ਤੱਕ ਉਸ ਦੀ ਨੀਤੀ ਰੂਸੀਆਂ ਨੂੰ ਕੀ, ਅਮਰੀਕੀ ਬਲਾਕ ਦੇ ਦੇਸ਼ਾਂ ਦੇ ਹਾਕਮਾਂ ਨੂੰ ਵੀ ਸਮਝ ਨਹੀਂ ਸੀ ਆਈ। ਚਰਚਿਲ ਵਰਗੇ ਵੀ ਬਾਅਦ ਵਿੱਚ ਇਸ ਗੱਲ ਬਾਰੇ ਮੰਨਦੇ ਸਨ। ਇਸ ਵਕਤ ਦੀ ਅਮਰੀਕਾ ਦੀ ਨੀਤੀ ਇੱਕ ਭਾਰਤੀ ਨਾਗਰਿਕ ਹੋਣ ਦੇ ਕਾਰਨ ਸਿਰਫ ਦਹਿਸ਼ਤਗਰਦੀ ਦੇ ਵਿਰੋਧ ਦੇ ਪੱਖੋਂ ਸਾਡੇ ਦੇਸ਼ ਦੇ ਪੱਖ ਅਤੇ ਪਾਕਿਸਤਾਨ ਦੇ ਵਿਰੋਧ ਵਿੱਚ ਹੋਣ ਕਾਰਨ ਸਾਨੂੰ ਵੀ ਚੰਗੀ ਲੱਗਦੀ ਹੈ। ਇਸ ਦਾ ਸਵਾਗਤ ਵੀ ਹੁੰਦਾ ਹੈ। ਕੋਈ ਇਹ ਨਹੀਂ ਕਹਿ ਰਿਹਾ ਕਿ ਇਸ ਦਾ ਸਵਾਗਤ ਨਾ ਕਰੋ, ਪਰ ਇਸ ਬਾਰੇ ਓਨਾ ਉਲਾਰ ਹੋਣਾ ਵੀ ਠੀਕ ਨਹੀਂ, ਜਿਸ ਹੱਦ ਤੱਕ ਅੱਜ ਉਲਾਰਪੁਣਾ ਵਿਖਾਇਆ ਜਾ ਰਿਹਾ ਹੈ। ਦੇਸ਼ਾਂ ਦੇ ਹਿੱਤਾਂ ਲਈ ਸਰਕਾਰਾਂ ਦੀ ਦ੍ਰਿਸ਼ਟੀ ਚਾਰ ਕਦਮਾਂ ਜਾਂ ਚਾਰ ਪੈਂਤੜਿਆਂ ਦੀ ਨਹੀਂ, ਚਾਰ ਦਹਾਕੇ ਅਗਾਂਹ ਤੱਕ ਦੀ ਸੋਚਣੀ ਅਤੇ ਅਪਣਾਉਣੀ ਪੈਂਦੀ ਹੈ ਤੇ ਜਿਹੜੇ ਦੇਸ਼ ਇਹੋ ਜਿਹੀ ਦੂਰ ਦ੍ਰਿਸ਼ਟੀ ਅਪਣਾਉਣ ਵੱਲੋਂ ਖੁੰਝ ਜਾਇਆ ਕਰਦੇ ਹਨ, ਉਨ੍ਹਾਂ ਕੋਲ ਪਿੱਛੋਂ ਕਿਸੇ ਪਛਤਾਵੇ ਦਾ ਵਕਤ ਵੀ ਨਹੀਂ ਬਚਦਾ ਹੁੰਦਾ।

# ਜਦੋਂ ਮੈਂ ਜੱਜ ਸਾਹਿਬ ਨੂੰ ਖਾਲੀ ਜੇਬ ਵਿਖਾਈ

-ਜਗਤਾਰ ਸਿੰਘ ਕੱਟੂ

ਸਾਡੇ ਪਿੰਡ ਵਿੱਚ ਚਾਰ ਕਿੱਲਿਆਂ ਦੇ ਕਰੀਬ ਟੋਭਾ ਸੀ, ਜਿਸ 'ਤੇ ਕਈ ਸਾਲਾਂ ਤੋਂ ਥੋੜ੍ਹਾ-ਥੋੜ੍ਹਾ ਕਰ ਕੇ ਨੇੜਲੇ ਲੋਕ ਕਬਜ਼ਾ ਕਰਦੇ ਰਹੇ ਤੇ ਫਿਰ ਟੋਭਾ ਗਾਇਬ ਹੋ ਗਿਆ। ਜਦੋਂ ਮੀਂਹ ਪਿਆ ਕਰੇ ਤਾਂ ਗੰਦਾ ਪਾਣੀ ਸਾਡੇ ਸੱਤਰ-ਅੱਸੀਂ ਘਰਾਂ ਅੱਗੇ ਖੜ੍ਹਾ ਹੋ ਜਾਇਆ ਕਰੇ, ਜਿਸ ਕਾਰਨ ਸਾਨੂੰ ਮਜਬੂਰੀਵਸ ਜੱਦੋਜਹਿਦ ਲਈ ਅੱਗੇ ਆਉਣਾ ਪਿਆ। ਉਨ੍ਹੀਂ ਦਿਨੀਂ ਮੈਂ ਆਪਣੀ ਪੜ੍ਹਾਈ ਪੂਰੀ ਕਰ ਕੇ ਹਟਿਆ ਹੀ ਸੀ। ਕੁਝ ਸਮੇਂ ਬਾਅਦ ਮੇਰਾ ਮਿੱਤਰ ਜਿਹੜਾ ਪੰਜਾਬੀ ਯੂਨੀਵਰਸਿਟੀ ਵਿੱਚ ਪੜ੍ਹ ਰਿਹਾ ਸੀ, ਨੇ ਮੈਨੂੰ ਪੀ ਸੀ ਐਸ ਲਈ ਉਤਸ਼ਾਹਤ ਕੀਤਾ ਤੇ ਲੋੜੀਂਦੀ ਸਮੱਗਰੀ ਆਦਿ ਦੇਣ ਦੀ ਜ਼ਿੰਮੇਵਾਰੀ ਲਈ।

ਇਹ ਸੋਚ ਹਰ ਬੰਦੇ ਵਿੱਚ ਨਹੀਂ ਹੁੰਦੀ ਕਿ ਉਹ ਆਪਣੇ ਨੇੜਲੇ ਨੂੰ ਅੱਗੇ ਵਧਦਾ ਵੇਖ ਸਕੇ। ਉਸ ਦੇ ਮਨ ਵਿੱਚ ਜੇ ਸਾਫ ਨਹੀਂ ਤਾਂ ਗੁਪਤ ਰੂਪ ਵਿੱਚ ਇਹ ਵਿਚਾਰ ਘਰ ਕਰ ਜਾਂਦਾ ਹੈ ਕਿ ਉਸ ਨੂੰ ਡੇਗ ਕੇ ਕਿਵੇਂ ਕਾਬੂ ਰੱਖਿਆ ਜਾਵੇ, ਤਾਂ ਕਿ ਉਹ ਤਾਕਤਵਰ ਹੋ ਕੇ ਉਸ ਦੀ ਸੱਤਾ ਲਈ ਖਤਰਾ ਨਾ ਬਣੇ। ਸਾਡਾ ਉਸ ਸਮੇਂ ਦਾ ਸਰਪੰਚ ਜੋ ਆਪਣੇ ਆਪ ਨੂੰ ਨਰਮ ਕਹਾ ਕੇ ਖੁਸ਼ ਹੁੰਦਾ ਸੀ, ਦੂਜੇ ਧੜੇ ਨੂੰ ਉਹ ਧੋਖੇਬਾਜ਼ ਦੱਸਦਾ ਸੀ। ਇੱਕ ਸਾਲ ਖੂਬ ਮੀਂਹ ਪਿਆ ਤੇ ਗਲੀਆਂ ਪਾਣੀ ਨਾਲ ਭਰ ਗਈਆਂ। ਕੁਝ ਘਰਾਂ ਨੇ ਇਕੱਠੇ ਹੋ ਕੇ ਪਾਣੀ ਦਾ ਰਸਤਾ ਪੁੱਟ ਕੇ ਪਾਣੀ ਕੱਢ ਦਿੱਤਾ ਤਾਂ ਕਿ ਪਾਣੀ ਘਰਾਂ ਵਿੱਚ ਨਾ ਵੜੇ। ਇਹ ਪਾਣੀ ਪ੍ਰਸ਼ਾਸਨ ਦੀ ਆਗਿਆ ਨਾਲ ਓਦੋਂ ਪਿੰਡ ਵਿੱਚ ਬੈਠੀ ਪੁਲਸ ਚੌਕੀ ਦੇ ਮੁਲਾਜ਼ਮਾਂ ਦੀ ਨਿਗਰਾਨੀ ਹੇਠ ਕੱਢਿਆ ਸੀ। ਕੁਝ ਦਿਨਾਂ ਬਾਅਦ ਛੇ ਬੰਦਿਆਂ ਨੂੰ ਅਦਾਲਤੀ ਨੋਟਿਸ ਆ ਗਏ ਕਿ ਤੁਸੀਂ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਕੀਤੀ ਹੈ ਕਿਉਂਕਿ ਕੁਝ ਬੰਦਿਆਂ ਨੇ ਸਾਂਝੇ ਰਸਤੇ ਵਿੱਚੋਂ ਪਾਣੀ ਕੱਢਣ ਦੀ ਰੋਕ ਪ੍ਰਾਪਤ ਕੀਤੀ ਹੋਈ ਸੀ। ਇਨ੍ਹਾਂ ਛੇ ਬੰਦਿਆਂ ਵਿੱਚ ਸਰਪੰਚ ਸਣੇ ਮੇਰਾ ਨਾਂਅ ਵੀ ਸੀ। ਮੈਨੂੰ ਨਹੀਂ ਸੀ ਪਤਾ ਕਿ ਕਿਨ੍ਹਾਂ ਬੰਦਿਆਂ ਨੇ ਕਦੋਂ ਪਾਣੀ ਕੱਢਿਆ। ਮੇਰੇ ਲਈ ਹੈਰਾਨੀ ਦੀ ਗੱਲ ਇਹ ਸੀ ਕਿ ਕੁਝ ਸੱਜਣ ਸਾਨੂੰ ਵਿਰੋਧੀ ਧੜਾ ਮੰਨਦੇ ਸਨ, ਪਰ ਸਰਪੰਚ ਸਾਹਿਬ ਦਾ ਨਾਂਅ ਸਾਡੇ ਵਿੱਚ ਸ਼ਾਮਲ ਸੀ, ਹਾਲਾਂਕਿ ਉਹ ਸਰਪੰਚੀ ਕਰਨ ਦੇ ਨਾਲ ਦੂਜੇ ਧੜੇ ਦਾ ਮੁੱਖ ਆਗੂ ਸੀ। ਸਾਡੀਆਂ ਪੇਸ਼ੀਆਂ ਸ਼ੁਰੂ ਹੋ ਗਈਆਂ। ਪੌਣੇ ਤਿੰਨ ਸਾਲ ਕੇਸ ਚੱਲਿਆ। ਕੁਝ ਪੇਸ਼ੀਆਂ ਪਿੱਛੋਂ ਮੈਂ ਧਿਆਨ ਦਿੱਤਾ ਕਿ ਛੇ ਵਿੱਚੋਂ ਮੈਂ ਇਕੱਲਾ ਹੀ ਪੇਸ਼ੀ ਉਤੇ ਹਾਜ਼ਰ ਹੋਇਆ ਕਰਦਾ ਸੀ। ਸਰਪੰਚ ਸਾਹਿਬ, 'ਤੂੰ ਚੱਲ, ਮੈਂ ਆਇਆ'' ਕਹਿ ਕੇ ਗਾਇਬ ਹੋ ਜਾਇਆ ਕਰੇ। ਦੂਜਾ ਗਰੁੱਪ ਚਾਈਂ-ਚਾਈ ਹਾਜ਼ਰ ਹੋਇਆ ਕਰੇ। ਉਨ੍ਹਾਂ ਨੂੰ ਪੂਰੀ ਆਸ ਬੱਝ ਚੁੱਕੀ ਸੀ ਕਿ ਸਾਨੂੰ ਜ਼ਰੂਰ ਸਜ਼ਾ ਹੋਵੇਗੀ।

ਮੈਂ ਥੋੜ੍ਹਾ ਪ੍ਰੇਸ਼ਾਨ ਹੋਇਆ। ਕੋਈ ਹੱਲ ਨਹੀਂ ਸੀ ਲੱਭਦਾ। ਇੱਕ ਦਿਨ ਮੈਂ ਸਰਪੰਚ ਸਾਹਿਬ ਨੂੰ ਰੋਹ ਭਰੀ ਚਿੱਠੀ ਉਸ ਦੇ ਘਰ ਦੇ ਆਇਆ। ਚਿੱਠੀ ਦਾ ਸਿਰਲੇਖ ਸੀ 'ਆਪਣੀ ਜ਼ਮੀਰ ਨੂੰ ਪੁੱਛੋ।' ਚਿੱਠੀ ਦਾ ਏਨਾ ਅਸਰ ਪਿਆ ਕਿ ਉਹ ਆਪਣੇ ਧੜੇ ਦੇ ਰੋਕਣ ਦੇ ਬਾਵਜੂਦ ਹਰ ਪੇਸ਼ੀ ਉਤੇ ਹਾਜ਼ਰ ਹੋਇਆ ਕਰੇ। ਸਾਡੇ ਧੜੇ ਦਾ ਖਰਚਾ ਮੈਂ ਆਪਣੀ ਜੇਬ ਵਿੱਚੋਂ ਕਰਿਆ ਕਰਾਂ, ਨਾਲ ਸਾਰਾ ਦਿਨ ਅਦਾਲਤ ਵਿੱਚ ਭੁੱਖਾ ਪਿਆਸਾ ਬੈਠਦਾ ਸੀ ਕਿ ਕੀ ਪਤੈ ਕਦੋਂ ਹਾਕ ਵੱਜ ਜਾਵੇ? ਸਾਡੇ ਧੜੇ ਵਿੱਚ ਦੋ ਸੱਜਣ ਅਜਿਹੇ ਸਨ, ਜੋ ਕਿਸੇ ਗੱਲ ਨੂੰ ਬਹੁਤਾ ਗੌਲਦੇ ਨਹੀਂ ਸੀ। ਤੀਜਾ ਆਪਣੇ ਪੁੱਤਰ ਦੀ ਥਾਂ ਕਦੇ ਕਦਾਈਂ ਜਾਂਦਾ ਸੀ। ਚੌਥਾ ਸੱਜਣ ਮੈਨੂੰ ਟਿੱਚਰ ਕਰਦਾ ਆਖਿਆ ਕਰੇ, ''ਛੋਟੇ ਭਾਈ ਤੂੰ ਨੌਜਵਾਨ ਤੇ ਪੜ੍ਹਿਆ ਲਿਖਿਆ ਹੈਂ, ਜੇ ਆਪਾਂ ਨੂੰ ਸਜ਼ਾ ਹੋਈ ਤਾਂ ਸਾਡਾ ਕੁਝ ਨਹੀਂ ਵਿਗੜਨਾ, ਤੈਨੂੰ ਨੌਕਰੀ ਲੱਗਣ ਸਮੇਂ ਮੁਸ਼ਕਲ ਆ ਸਕਦੀ ਹੈ। ਮੈਂ ਤਾਂ ਛੜਾ ਹਾਂ, ਰੋਟੀਆਂ ਜੇਲ੍ਹ ਵਿੱਚ ਖਾ ਲਵਾਂਗਾ, ਕੋਈ ਫਰਕ ਨਹੀਂ।'' ਪੰਜਵਾਂ ਸਰਪੰਚ ਸਾਹਿਬ ਰਲਿਆ ਹੀ ਦੂਜੇ ਪਾਸੇ ਸੀ। ਸਾਰੀ ਅੰਡ-ਪੰਡ ਮੇਰੇ ਸਿਰ ਪੈਂਦੀ ਸੀ। ਪੇਸ਼ੀ ਤੋਂ ਪਹਿਲੀ ਰਾਤ ਮੇਰੀ ਸੋਚਾਂ ਸੋਚਦਿਆਂ ਦੀ ਹੀ ਲੰਘ ਜਾਂਦੀ।

ਸਾਡੇ ਵਕੀਲ ਦਾ ਮੁਨਸ਼ੀ ਮੈਨੂੰ ਕਿਹਾ ਕਰੇ, ''ਥੋਡਾ ਸਰਪੰਚ ਤਾਂ ਮੈਨੂੰ ਦੂਜੇ ਧੜੇ ਨਾਲ ਰਲਿਆ ਲੱਗਦੈ।'' ਮੈਂ ਉਸ ਨੂੰ ਦੱਸਿਆ ਕਰਾਂ, ''ਰਲਿਆ ਕੀ ਲੱਗਦੈ, ਇਹ ਸ਼ਰੇਆਮ ਰਲਿਆ ਹੋਇਆ ਹੈ। ਸ਼ੁਕਰ ਕਰ ਜਦੋਂ ਦਾ ਇਸ ਨੂੰ ਮੈਂ ਜ਼ਮੀਰ ਜਗਾਉਣ ਦੀ ਚਿੱਠੀ ਲਿਖੀ, ਉਸ ਦਿਨ ਦਾ ਘੱਟੋ-ਘੱਟ ਮੇਰੇ ਨਾਲ ਪੇਸ਼ੀ ਉੱਤੇ ਹਾਜ਼ਰ ਹੋਣ ਲੱਗੈ।'' ਮੁਨਸ਼ੀ ਨੇ ਪੁੱਛਿਆ, ''ਅਜਿਹਾ ਕੀ ਲਿਖ ਦਿੱਤਾ?'' ਲਿਖਣਾ ਕੀ ਸੀ? ਸਰਪੰਚ ਨੂੰ ਯਾਦ ਕਰਾਇਆ ਸੀ ਕਿ ਉਸ ਨੇ ਅੰਮ੍ਰਿਤਧਾਰੀ ਹੋ ਕੇ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿੱਚ ਕਿਹਾ ਸੀ ਕਿ ਪੰਚਾਇਤ ਦਾ ਸਭ ਤੋਂ ਪਹਿਲਾ ਕੰਮ ਹੋਵੇਗਾ ਤੇ ਗੰਦੇ ਪਾਣੀ ਦੀ ਨਿਕਾਸੀ ਲਈ ਨਾਲਾ ਪੱਕਾ ਕਰਾਵਾਂਗੇ। ਪਤਾ ਨਹੀਂ ਕੀ ਸੱਪ ਸੁੰਘ ਗਿਐ? ਨਾਲੇ ਆਪ ਗਧੀ ਗੇੜ ਵਿੱਚ ਪਿਆ ਫਿਰਦੈਂ ਨਾਲੇ ਸਾਨੂੰ ਪਾਈ ਫਿਰਦੈ। ਕੀ ਫਿਟ ਲਾਹਨਤ ਆਪਣੇ ਤੁਹਾਡੇ ਸਿੱਖੀ ਭੇਖ਼ ਨੂੰ।''

ਚਲਦੀਆਂ ਗੱਲਾਂ ਵਿੱਚ ਮੈਂ ਮੁਨਸ਼ੀ ਦੇ ਪੁੱਛਣ ਤੇ ਉਸ ਨੂੰ ਦੱਸਿਆ ਕਿ ਮੈਂ ਪੜ੍ਹਾਈ ਪੂਰੀ ਕਰ ਕੇ ਪੀ ਸੀ ਐਸ ਦੀ ਤਿਆਰੀ ਵਿੱਢੀ ਸੀ, ਪਰ ਦੁਸ਼ਮਣਾਂ ਦੀ ਗੰਦੀ ਸੋਚ ਤੋਂ ਪ੍ਰੇਸ਼ਾਨ ਹੋਏ ਨੇ ਇੱਕ ਦਿਨ ਉਹ ਤਿਆਰੀ ਕਰਨ ਵਾਲਾ ਸਾਰਾ ਪੁਲੰਦਾ ਹੀ ਅੱਗ ਹਵਾਲੇ ਕਰ ਦਿੱਤਾ ਸੀ। ਇਹ ਘਟਨਾ ਮੁਨਸ਼ੀ ਨੇ ਸਾਡੇ ਵਕੀਲ ਸਾਹਿਬ ਨਾਲ ਵੀ ਸਾਂਝੀ ਕੀਤੀ ਸੀ।

ਅਚਾਨਕ ਇੱਕ ਪੇਸ਼ੀ ਉਤੇ ਕੀ ਵਾਪਰਿਆ ਕਿ ਸਾਡੇ ਛੇ ਦੋਸ਼ੀਆਂ ਵਿੱਚੋਂ ਸਿਰਫ ਮੈਂ ਜੱਜ ਸਾਹਿਬ ਸਾਹਮਣੇ ਪੇਸ਼ ਸੀ। ਉਚੀ ਆਵਾਜ਼ ਵਿੱਚ ਉਨ੍ਹਾਂ ਸਾਡੇ ਵਕੀਲ ਤੋਂ ਦੂਜਿਆਂ ਦੇ ਹਾਜ਼ਰ ਨਾ ਹੋਣ ਦਾ ਕਾਰਨ ਪੁੱਛਿਆ। ਵਕੀਲ ਨੇ ਕੋਈ ਗੋਲ-ਮੋਲ ਬਹਾਨਾ ਘੜਿਆ, ਪਰ ਮੇਰੇ ਹਰ ਪੇਸ਼ੀ ਉੱਤੇ ਹਾਜ਼ਰ ਹੋਣ ਦਾ ਜੱਜ ਸਾਹਿਬ ਨੂੰ ਦਾਅਵੇ ਨਾਲ ਦੱਸਿਆ। ਜੱਜ ਸਾਹਿਬ ਥੋੜ੍ਹੇ ਤਲਖ ਮੂਡ ਵਿੱਚ ਸਨ। ਕੋਈ ਕਾਰਵਾਈ ਕਰਨ ਤੋਂ ਪਹਿਲਾਂ ਆਦੇਸ਼ ਅਨੁਸਾਰ ਵਕੀਲ ਨੇ ਮੈਨੂੰ ਲੋੜੀਂਦਾ ਕਾਗਜ਼ ਤੇ ਟਿਕਟਾਂ ਲਿਆਉਣ ਲਈ ਕਮਰੇ ਵਿੱਚੋਂ ਬਾਹਰ ਭੇਜਿਆ। ਸ਼ਾਇਦ ਵਕੀਲ ਸਾਹਿਬ ਨੇ ਮੇਰੀ ਹੋਰ ਵੀ ਹਕੀਕਤ ਏਨੇ ਸਮੇਂ ਵਿੱਚ ਬਿਆਨ ਕੀਤੀ ਹੋਵੇ। ਕੁਝ ਮਿੰਟਾਂ ਬਾਅਦ ਜਦ ਮੈਂ ਫਿਰ ਜੱਜ ਸਾਹਿਬ ਅੱਗੇ ਪੇਸ਼ ਹੋਇਆ ਤਾਂ ਉਹ ਮੇਰੇ ਵੱਲ ਤਰਸ ਭਰੀਆਂ ਨਜ਼ਰਾਂ ਨਾਲ ਵੇਖ ਰਹੇ ਸਨ। ਮੇਰੇ ਸਾਥੀਆਂ ਦੀ ਗੈਰ ਹਾਜ਼ਰੀ ਕਾਰਨ ਜੱਜ ਸਾਹਿਬ ਨੇ ਮੈਨੂੰ 35 ਰੁਪਏ ਦਾ ਜੁਰਮਾਨਾ ਮੌਕੇ ਉਤੇ ਹੀ ਵਿਰੋਧੀ ਵਕੀਲ ਨੂੰ ਦੇਣ ਦਾ ਹੁਕਮ ਸੁਣਾਇਆ। ਮੇਰੇ ਕੋਲ ਸਿਰਫ ਤੀਹ ਰੁਪਏ ਸਨ। ਜਦੋਂ ਮੈਂ ਇਹ ਦੂਜੇ ਵਕੀਲ ਦੇ ਹਵਾਲੇ ਕੀਤੇ ਤਾਂ ਵਕੀਲ ਨੇ ਕਿਹਾ ਕਿ ਪੰਜ ਘੱਟ ਹਨ, ਜੱਜ ਸਾਹਿਬ ਪੈਸੇ ਪੂਰੇ ਦਿਵਾਉ। ਜੱਜ ਨੇ ਮੇਰੇ ਤੋਂ ਪੁੱਛਿਆ, ''ਕੀ ਹੋਰ ਰੁਪਏ ਨਹੀਂ ਤੇਰੇ ਕੋਲ?'' ਖਾਲੀ ਜੇਬ ਵਿਖਾਉਂਦੇ ਹੋਏ ਮੈਂ ਕਿਹਾ, ''ਨਹੀਂ ਸਰ! ਬੱਸ ਇਹੀ ਸਨ, ਯਕੀਨ ਕਰਿਉ ਬਾਕੀ ਪੰਜ ਅਗਲੀ ਪੇਸ਼ੀ ਤੇ ਇਨ੍ਹਾਂ ਨੂੰ ਦੇ ਦੇਵਾਂਗਾ।'' ਅਦਾਲਤ ਦੇ ਕਮਰੇ ਵਿੱਚ ਅਜਿਹੀ ਜਿਹੀ ਖਾਮੋਸ਼ੀ ਛਾਈ ਹੋਈ ਸੀ ਜਿਸ ਨੂੰ ਤੋੜਦਿਆਂ ਜੱਜ ਸਾਹਿਬ ਨੇ ਮੈਨੂੰ ਆਉਣ ਜਾਣ ਦੇ ਸਾਧਨ ਬਾਰੇ ਪੁੱਛਿਆ। ਮੈਂ ਕਿਹਾ, ''ਬਸ ਉੱਤੇ ਸਰ।'' ''ਤੇਰੇ ਕੋਲ ਬਸ ਕਿਰਾਇਆ ਵੀ ਨਹੀਂ, ਪਿੰਡ ਕਿਵੇਂ ਜਾਵੇਂਗਾ? ਕਿੰਨੀ ਦੂਰ ਐ?'' ਜੱਜ ਸਾਹਿਬ ਨੇ ਪੁੱਛਿਆ। ''ਸਰ, ਤੁਰ ਕੇ ਚਲਾ ਜਾਵਾਂਗਾ। ਸਿਰਫ ਬਾਰ੍ਹਾਂ-ਤੇਰ੍ਹਾਂ ਕਿਲੋਮੀਟਰ ਈ ਐ, ਪਿੰਡ ਕੱਟੂ।'' ਮੇਰੀ ਪਤਲੀ ਹਾਲਤ ਉਤੇ ਤਰਸ ਕਰ ਕੇ ਜੱਜ ਸਾਹਿਬ ਨੇ ਕਿਰਾਏ ਲਈ ਪੰਜ ਰੁਪਏ ਵਾਪਸ ਕਰਵਾ ਦਿੱਤੇ। ਇਸ ਤੋਂ ਬਾਅਦ ਮੈਂ ਤੇ ਵਕੀਲ ਕਮਰੇ ਤੋਂ ਬਾਹਰ ਆ ਗਏ। ਸਾਡਾ ਵਕੀਲ ਮੈਨੂੰ ਹੌਸਲਾ ਦੇ ਰਿਹਾ ਸੀ ਕਿ ਕੇਸ ਵਿੱਚ ਥੋਨੂੰ ਕੋਈ ਸਜ਼ਾ ਨਹੀਂ ਹੁੰਦੀ। ਸਿਰਫ ਖੱਜਲ ਖੁਆਰੀ ਹੈ।

ਅਖੀਰ 1997 ਵਿੱਚ ਸਾਡੇ ਵਿਰੋਧੀਆਂ ਨੇ ਕੋਈ ਚਾਲ ਨਾ ਚੱਲਦੀ ਵੇਖ ਕੇ ਕੇਸ ਵਾਪਸ ਲੈ ਲਿਆ, ਪਰ ਸਰਪੰਚ ਸਾਹਿਬ ਉਨ੍ਹਾਂ ਨਾਲ ਰਲਿਆ ਹੋਣ ਕਰ ਕੇ ਗੰਦੇ ਪਾਣੀ ਦਾ ਨਾਲਾ ਆਪਣੀ ਇੱਛਾ ਅਨੁਸਾਰ ਨਿਕਾਸੀ ਵਾਲੇ ਪਾਸਿਉਂ ਘੱਟ ਢਲਾਣ ਵਾਲਾ ਹੀ ਬਣਵਾਇਆ, ਜਿਹੜਾ ਅੱਜ ਵੀ ਉਸੇ ਤਰ੍ਹਾਂ ਹੈ।

## ਹਲਕਾ ਫੁਲਕਾ

ਮੋਹਨ ਲਾਲ, ''ਤੁਸੀਂ ਕਿਸ-ਕਿਸ ਕੰਮ 'ਚ ਮਾਹਿਰ ਹੋ?''
ਨੌਕਰ, ''ਸਾਹਿਬ ਰਸੋਈ, ਡਰਾਇੰਗ ਰੂਮ ਅਤੇ ਤਿਜੌਰੀ ਸਾਫ ਕਰਨ ਵਿੱਚ ਮਾਹਿਰ ਹਾਂ।''

*********

ਡਾਕਟਰ, (ਮਰੀਜ਼ ਨੂੰ), ''ਦੱਸੋ ਤੁਸੀਂ ਕੀ ਖਾਂਦੇ-ਪੀਂਦੇ ਹੋ। ਚਾਹ, ਕੌਫੀ, ਸਮੋਸਾ, ਕਲੋਡ ਡ੍ਰਿੰਕ?''
ਮਰੀਜ਼, ''ਓਹ ਨਹੀਂ-ਨਹੀਂ ਡਾਕਟਰ ਸਾਹਿਬ, ਤੁਸੀਂ ਪ੍ਰੇਸ਼ਾਨ ਨਾ ਹੋਵੋ, ਮੈਂ ਘਰੋਂ ਖਾ-ਖਾ ਪੀ ਕੇ ਚੱਲਿਆ ਹਾਂ।''

*********

ਟੀਚਰ (ਪੱਪੂ ਨੂੰ), ''ਤਕਨੀਕ ਦੇ ਆਉਣ ਨਾਲ ਸਾਡੀ ਜ਼ਿੰਦਗੀ ਵਿਚ ਮੁਸ਼ਕਲਾਂ ਘਟੀਆਂ ਜਾਂ ਵਧੀਆਂ ਹਨ?''
ਪੱਪੂ ਨੇ ਤੁਰੰਤ ਜਵਾਬ ਦਿੱਤਾ, ''ਜੀ, ਵਧ ਗਈਆਂ ਹਨ।''
ਟੀਚਰ, ''ਵੈਰੀ ਗੁੱਡ! ਕਲਾਸ ਨੂੰ ਸਮਝਾ, ਕਿਵੇਂ ਵਧ ਗਈਆਂ ਹਨ।''
ਪੱਪੂ, ''ਪਹਿਲਾਂ ਕਰੀਮ-ਪਾਊਡਰ ਲਾ ਕੇ ਫੋਟੋ ਖਿਚਵਾਉਂਦੇ ਸਨ ਤੇ ਅੱਜ ਕੱਲ੍ਹ ਬੱਸ ਫੋਟੋ ਖਿਚਵਾ ਕੇ ਬ੍ਰਾਈਟਨੈੱਸ ਵਧਾ ਦਿੰਦੇ ਹਨ।''

*********

ਪਤਨੀ, ''ਅੱਜ ਕੀ ਬਣਾਵਾਂ?''
ਪਤੀ, ''ਬਾਤ ਦਾ ਬਤੰਗੜ ਛੱਡ ਕੇ ਕੁਝ ਵੀ ਬਣਾ ਲੈ, ਖਾ ਲਵਾਂਗਾ।''

*********

# ਰਾਹੁਲ ਗਾਂਧੀ ਦੇ ਐਲਾਨ ਨਾਲ ਭਾਜਪਾ ਵਿੱਚ ਘਬਰਾਹਟ ਕਿਉਂ

-ਯੋਗੇਂਦਰ ਯਾਦਵ-

ਲੱਗਦਾ ਹੈ ਕਿ ਗਲਤੀ ਨਾਲ ਹੀ ਸਹੀ, ਤੀਰ ਨਿਸ਼ਾਨੇ 'ਤੇ ਜਾ ਲੱਗਾ ਹੈ। ਜਦੋਂ ਤੋਂ ਰਾਹੁਲ ਗਾਂਧੀ ਨੇ ਗਰੀਬਾਂ ਨੂੰ ਹਰ ਮਹੀਨੇ ਛੇ ਹਜ਼ਾਰ ਰੁਪਏ ਦੇਣ ਦਾ ਚੋਣ ਐਲਾਨ ਕੀਤਾ ਹੈ, ਉਦੋਂ ਤੋਂ ਦੋਵਾਂ ਚੋਣ ਧੜਿਆਂ ਵਿੱਚ ਤਰਥੱਲੀ ਮਚੀ ਹੋਈ ਹੈ। ਕਾਂਗਰਸ ਨੂੰ ਸਮਝ ਨਹੀਂ ਆ ਰਹੀ ਕਿ ਉਸ ਨੇ ਐਲਾਨ ਕੀ ਕੀਤਾ ਹੈ ਤੇ ਭਾਜਪਾ ਨੂੰ ਸਮਝ ਇਹ ਨਹੀਂ ਆ ਰਹੀ ਕਿ ਇਸ ਐਲਾਨ ਦਾ ਜਵਾਬ ਕਿਵੇਂ ਦਿੱਤਾ ਜਾਵੇ।

ਜੇ ਭਾਜਪਾ ਦੀ ਘਬਰਾਹਟ ਦਾ ਸਬੂਤ ਚਾਹੀਦਾ ਹੈ ਤਾਂ ਪ੍ਰਧਾਨ ਮੰਤਰੀ ਵੱਲੋਂ ਝਟਪਟ ਦੇਸ਼ ਦੇ ਨਾਂਅ ਦਿੱਤੇ ਸੰਦੇਸ਼ ਨੂੰ ਦੇਖ ਲਓ। ਸੱਚ ਇਹ ਹੈ ਕਿ 'ਲੋਅ ਅਰਥ ਓਰਬਿਟ ਸੈਟੇਲਾਈਟ' ਨੂੰ ਮਾਰਨ ਦੀ ਸਮਰੱਥਾ ਵਿਕਸਿਤ ਕਰਨ 'ਤੇ ਜਨਤਕ ਖੇਤਰ ਦਾ ਸੁਰੱਖਿਆ ਸੰਗਠਨ 'ਡੀ ਆਰ ਡੀ ਓ' ਪਿਛਲੇ ਇੱਕ ਦਹਾਕੇ ਤੋਂ ਕੰਮ ਕਰ ਰਿਹਾ ਸੀ। ਪਿਛਲੀ ਸਰਕਾਰ ਦੌਰਾਨ ਸੱਤ ਮਈ 2012 ਨੂੰ ਇਹ ਕੰਮ ਪੂਰਾ ਹੋ ਗਿਆ ਅਤੇ ਡੀ ਆਰ ਡੀ ਓ ਨੇ ਅਧਿਕਾਰਤ ਬਿਆਨ ਜਾਰੀ ਕਰ ਦਿੱਤਾ ਸੀ ਕਿ ਭਾਰਤ ਨੇ 'ਲੋਅ ਅਰਥ ਓਰਬਿਟ ਸੈਟੇਲਾਈਟ' ਨੂੰ ਡੇਗਣ ਦੀ ਤਕਨੀਕ ਹਾਸਲ ਕਰ ਲਈ ਹੈ। ਸਾਫ ਹੈ ਕਿ ਇਸ ਐਲਾਨ ਤੋਂ ਪਹਿਲਾਂ ਪ੍ਰੀਖਣ ਹੋਏ ਹੋਣਗੇ, ਪਰ ਚੁੱਪਚਾਪ ਹੋਏ ਹੋਣਗੇ। ਇਹ ਵੀ ਜ਼ਾਹਿਰ ਹੈ ਕਿ 2012 ਤੋਂ ਅੱਜ ਤੱਕ ਵੀ ਪ੍ਰੀਖਣਾਂ ਦਾ ਸਿਲਸਿਲਾ ਜਾਰੀ ਰਿਹਾ ਹੋਵੇਗਾ ਤੇ ਇਸ ਹਫਤੇ ਜੋ ਹੋਇਆ, ਉਹ ਸਿਰਫ ਇੰਨਾ ਕਿ ਪ੍ਰੀਖਣ ਜੱਗ ਜ਼ਾਹਿਰ ਕਰ ਦਿੱਤਾ ਗਿਆ ਤੇ ਪ੍ਰਧਾਨ ਮੰਤਰੀ ਨੇ ਚੋਣਾਂ ਵਿਚਾਲੇ ਦੇਸ਼ ਦੇ ਨਾਂਅ ਸੰਦੇਸ਼ ਜਾਰੀ ਕਰ ਕੇ ਇਸ ਪੁਰਾਣੀ ਖਬਰ ਦਾ ਸਿਹਰਾ ਆਪਣੇ ਸਿਰ ਲੈਣ ਦੀ ਕੋਸ਼ਿਸ਼ ਕੀਤੀ, ਅਹੁਦੇ ਦੀ ਮਰਿਆਦਾ ਤੇ ਚੋਣ ਜ਼ਾਬਤਾ ਗਿਆ ਢੱਠੇ ਖੂਹ ਵਿੱਚ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਨਜ਼ਰ ਆਇਆ ਹੋਵੇਗਾ ਕਿ ਪੁਲਵਾਮਾ ਤੇ ਬਾਲਾਕੋਟ ਪਿੱਛੋਂ ਕੌਮੀ ਸੁਰੱਖਿਆ ਦਾ ਜਨੂੰਨ ਕੁਝ ਠੰਢਾ ਪੈ ਗਿਆ ਹੈ। ਕਾਂਗਰਸ ਦੀ ਘੱਟੋ-ਘੱਟ ਆਮਦਨ ਗਾਰੰਟੀ ਯੋਜਨਾ ਦੇ ਐਲਾਨ ਨਾਲ ਚੋਣ ਚਰਚਾ ਫਿਰ ਬੁਨਿਆਦੀ ਮੁੱਦਿਆਂ ਵੱਲ



ਮੁੜ ਰਹੀ ਹੈ। ਦੂਜੇ ਪਾਸੇ ਰੋਜ਼ਗਾਰ ਦਾ ਸਵਾਲ ਦਬਾਇਆ ਨਹੀਂ ਦੱਬ ਰਿਹਾ। ਕਿਸਾਨਾਂ ਨੂੰ ਇਸ ਵਾਰ ਵੀ ਸਰ੍ਹੋਂ ਅਤੇ ਛੋਲਿਆਂ ਦੀ ਫਸਲ ਦਾ ਸਹੀ ਭਾਅ ਨਹੀਂ ਮਿਲ ਰਿਹਾ। ਗੰਨਾ ਕਿਸਾਨਾਂ ਦਾ ਬਕਾਇਆ ਅਜੇ ਬਾਕੀ ਹੈ। ਇਸ ਲਈ ਲੋਕਾਂ ਦਾ ਧਿਆਨ ਉਧਰੋਂ ਹਟਾਉਣ ਦੀ ਇੱਕ ਹੋਰ ਕੋਸ਼ਿਸ਼ ਦੀ ਲੋੜ ਮਹਿਸੂਸ ਹੋਈ ਹੋਵੇਗੀ ਅਤੇ ਹੋ ਸਕਦਾ ਹੈ ਚੋਣਾਂ ਪਹਿਲਾਂ ਤੋਂ ਅਜਿਹਾ ਹੀ ਇੱਕ-ਅੱਧਾ ਚਮਕ ਹੋਰ ਹੋ ਜਾਵੇ।

ਮਜ਼ੇ ਦੀ ਗੱਲ ਇਹ ਹੈ ਕਿ ਘੱਟੋ-ਘੱਟ ਆਮਦਨ ਦੀ ਗਾਰੰਟੀ ਦਾ ਤੀਰ ਛੱਡਣ ਵਾਲੀ ਕਾਂਗਰਸ ਨੂੰ ਖੁਦ ਨਹੀਂ ਪਤਾ ਕਿ ਉਸ ਨੇ ਐਲਾਨ ਕੀਤਾ ਕੀ ਹੈ? ਪਹਿਲੇ ਦਿਨ ਰਾਹੁਲ ਗਾਂਧੀ ਨੇ ਕਿਹਾ ਕਿ ਜਿਹੜੇ ਪਰਵਾਰ ਦੀ ਆਮਦਨ 12 ਹਜ਼ਾਰ ਰੁਪਏ ਮਾਸਿਕ ਤੋਂ ਘੱਟ ਹੈ, ਉਸ ਨੂੰ ਬਕਾਇਆ ਰਕਮ ਦਿੱਤੀ ਜਾਵੇਗੀ। ਅਗਲੇ ਦਿਨ ਕਾਂਗਰਸ ਨੇ ਸਾਫ ਕੀਤਾ ਕਿ ਵੱਖ-ਵੱਖ ਪਰਵਾਰਾਂ ਨੂੰ ਵੱਖ-ਵੱਖ ਰਕਮ ਨਹੀਂ ਦਿੱਤੀ ਜਾਣੀ, ਸਭ ਤੋਂ ਗਰੀਬ ਪੰਜ ਕਰੋੜ ਪਰਵਾਰਾਂ ਨੂੰ ਹਰ ਮਹੀਨੇ ਛੇ ਹਜ਼ਾਰ ਰੁਪਏ ਦਿੱਤੇ ਜਾਣਗੇ। ਪਹਿਲਾਂ ਕਾਂਗਰਸ ਦੇ ਬੁਲਾਰੇ ਨੇ ਇਸ਼ਾਰਾ ਕੀਤਾ ਕਿ ਇਹ ਯੋਜਨਾ ਲਾਗੂ ਕਰਨ ਲਈ ਗਰੀਬੀ ਦੇ ਖਾਤਮੇ ਲਈ ਚੱਲ ਰਹੀਆਂ ਕੁਝ ਹੋਰ ਯੋਜਨਾਵਾਂ ਵਿੱਚ ਕਟੌਤੀ ਕੀਤੀ ਜਾ ਸਕਦੀ ਹੈ ਤੇ ਅਗਲੇ ਦਿਨ ਕਾਂਗਰਸ ਨੇ ਸਪੱਸ਼ਟ ਕੀਤਾ ਕਿ ਗਰੀਬਾਂ ਦੀ ਭਲਾਈ ਲਈ ਚੱਲ ਰਹੀਆਂ ਯੋਜਨਾਵਾਂ, ਜਿਵੇਂ ਸਸਤਾ ਰਾਸ਼ਨ, ਮਨਰੇਗਾ, ਆਂਗਨਵਾੜੀ, ਪ੍ਰਧਾਨ ਮੰਤਰੀ ਆਵਾਸ ਯੋਜਨਾ ਆਦਿ 'ਚ ਕੋਈ ਕਟੌਤੀ ਨਹੀਂ ਕੀਤੀ ਜਾਵੇਗੀ।

ਕਾਂਗਰਸ ਅਜੇ ਤੱਕ ਇਹ ਨਹੀਂ ਦੱਸ ਸਕੀ ਕਿ ਇਸ ਯੋਜਨਾ ਲਈ ਪੈਸਾ ਕਿੱਥੋਂ ਆਵੇਗਾ? ਜ਼ਾਹਿਰ ਹੈ ਕਿ ਇੰਨੇ ਵੱਡੇ ਖਰਚੇ ਲਈ ਕਿਤੇ ਨਾ ਕਿਤੇ ਟੈਕਸ ਵਧਾਉਣਾ ਪਵੇਗਾ, ਪਰ ਕਾਂਗਰਸ ਇਸ ਸਵਾਲ ਤੋਂ ਮੂੰਹ ਮੋੜ ਰਹੀ ਹੈ। ਉਂਝ ਵੀ 'ਗਰੀਬੀ ਹਟਾਓ' ਨਾਅਰੇ ਦੀ ਹਕੀਕਤ ਸਾਰਾ ਦੇਸ਼ ਜਾਣਦਾ ਹੈ।

ਦੂਜੇ ਪਾਸੇ ਭਾਜਪਾ ਦੀ ਹਾਲਤ ਸੱਪ ਦੇ ਮੂੰਹ ਕੋਹੜ ਕਿਰਲੀ ਵਾਲੀ ਹੈ। ਇੱਕ ਪਾਸੇ ਭਾਜਪਾ ਦੇ ਬੁਲਾਰੇ ਕਹਿੰਦੇ ਹਨ ਕਿ ਇਹ ਯੋਜਨਾ ਸਾਡੇ ਅਰਵਿੰਦ ਸੁਬਰਾਮਣੀਅਮ ਨੇ ਸੁਝਾਈ ਸੀ ਅਤੇ ਕਾਂਗਰਸ ਇਸ ਨੂੰ ਚੋਰੀ ਕਰ ਰਹੀ ਹੈ। ਜੇ ਇਹ ਸੱਚ ਹੈ ਤਾਂ ਸਵਾਲ ਉਠਦਾ ਹੈ ਕਿ ਭਾਜਪਾ ਨੇ ਇਸ ਨੂੰ ਲਾਗੂ ਕਿਉਂ ਨਾ ਕੀਤਾ? ਫਿਰ ਉਹ ਕਹਿੰਦੇ ਹਨ ਕਿ ਇਹ ਯੋਜਨਾ ਗਰੀਬਾਂ ਨੂੰ 'ਭਿਖਿਆ' ਦੇਣ ਵਾਲੀ ਹੈ, ਉਨ੍ਹਾਂ ਨੂੰ 'ਕੰਮ-ਚੋਰ' ਬਣਾਏਗੀ। ਜੇ ਅਜਿਹਾ ਹੈ ਤਾਂ ਭਾਜਪਾ ਨੇ ਇਸੇ ਬਜਟ 'ਚ ਹਰ ਕਿਸਾਨ ਪਰਵਾਰ ਨੂੰ ਛੇ ਹਜ਼ਾਰ ਰੁਪਏ ਸਾਲਾਨਾ ਦੇਣ ਦੀ ਯੋਜਨਾ ਦਾ ਐਲਾਨ ਕਿਉਂ ਕੀਤਾ? ਕੀ ਇਹ ਭਿੱਖਿਆ ਨਹੀਂ ਸੀ? ਭਾਜਪਾ ਬੁਲਾਰੇ ਦਾ ਕਹਿਣਾ ਹੈ ਕਿ ਕਾਂਗਰਸ ਦਾ ਐਲਾਨ ਯੋਜਨਾ 'ਚ ਗਰੀਬਾਂ ਦੀ ਪਛਾਣ ਕਿਵੇਂ ਹੋ ਸਕੇਗੀ? ਇਹ ਇਤਰਾਜ਼ ਕਰਦੇ ਸਮੇਂ ਭਾਜਪਾ ਬੁਲਾਰੇ ਨੇ ਇਹ ਗੱਲ ਭੁਲਾ ਦਿੱਤੀ ਕਿ ਉਨ੍ਹਾਂ ਦੀ ਸਰਕਾਰ ਨੇ ਵੀ 'ਆਯੁਸ਼ਮਾਨ ਭਾਰਤ ਯੋਜਨਾ' ਦਾ ਐਲਾਨ ਕੀਤਾ ਹੈ, ਜਿਸ ਵਿੱਚ 10 ਕਰੋੜ ਪਰਵਾਰਾਂ ਦੀ ਨਿਸ਼ਾਨਦੇਹੀ ਕਰਨੀ ਪੈਣੀ ਹੈ। ਜੇ ਉਸ ਯੋਜਨਾ 'ਚ ਗਰੀਬਾਂ ਨੂੰ ਚੁਣਿਆ ਜਾ ਸਕਦਾ ਹੈ ਤਾਂ ਇਸ ਯੋਜਨਾ 'ਚ ਕਿਉਂ ਨਹੀਂ?

ਭਾਜਪਾ ਦੀ ਪ੍ਰੇਸ਼ਾਨੀ ਦਾ ਹਾਲ ਇਹ ਹੈ ਕਿ ਉਸ ਨੇ ਸਾਰੀ ਮਰਿਆਦਾ ਤੇ ਚੋਣ ਜ਼ਾਬਤਾ ਛਿੱਕੇ ਟੰਗਦਿਆਂ ਸਰਕਾਰੀ ਅਰਥ ਸ਼ਾਸਤਰੀਆਂ ਨੂੰ ਕਾਂਗਰਸ ਵਿਰੁੱਧ ਉਤਾਰਨਾ ਸ਼ੁਰੂ ਕੀਤਾ ਹੈ। ਯੋਜਨਾ ਕਮਿਸ਼ਨ ਦੇ ਉਪ ਚੇਅਰਮੈਨ ਰਾਜੀਵ ਕੁਮਾਰ ਟੀ ਵੀ ਉੱਤੇ ਆ ਕੇ ਕਾਂਗਰਸ ਦੇ ਐਲਾਨ ਦਾ ਮਜ਼ਾਕ ਉਡਾ ਰਹੇ ਹਨ। ਸਰਕਾਰ ਦੇ ਪ੍ਰਮੁੱਖ ਆਰਥਿਕ ਸਲਾਹਕਾਰ ਸੰਜੀਵ ਸਾਨਿਆਲ ਕਾਂਗਰਸ ਪ੍ਰਧਾਨ ਵਿੱਚ ਕਮੀਆਂ ਦੱਸ ਰਹੇ ਹਨ। ਕਿਸੇ ਵੀ ਸਰਕਾਰੀ ਅਫਸਰ ਦੀ ਮਰਿਆਦਾ ਤੇ ਚੋਣ ਜ਼ਾਬਤੇ ਦੇ ਹਿਸਾਬ ਨਾਲ ਉਨ੍ਹਾਂ ਨੂੰ ਕਿਸੇ ਸਿਆਸੀ ਦਸਤਾਵੇਜ਼ ਜਾਂ ਐਲਾਨ 'ਤੇ ਟਿੱਪਣੀ ਕਰਨ ਦਾ ਅਧਿਕਾਰ ਨਹੀਂ, ਪਰ ਨੋਟਬੰਦੀ ਤੋਂ ਬਾਅਦ ਕਿਉਂਕਿ ਕੋਈ ਸਮਝਦਾਰ ਅਰਥ ਸ਼ਾਸਤਰੀ ਭਾਜਪਾ ਨਾਲ ਖੜ੍ਹਾ ਹੋਣ ਨੂੰ ਤਿਆਰ ਨਹੀਂ, ਇਸ ਕਰ ਕੇ ਭਾਜਪਾ ਨੂੰ ਸਰਕਾਰੀ ਅਫਸਰਾਂ ਦਾ ਸਹਾਰਾ ਲੈਣਾ ਪਿਆ ਹੈ। ਇਹ ਅਰਥ ਸ਼ਾਸਤਰੀ ਵਿੱਤੀ ਘਾਟੇ ਦੀ ਦੁਹਾਈ ਦੇ ਰਹੇ ਹਨ।

ਸੱਚ ਇਹ ਹੈ ਕਿ ਇਸ ਸਾਲ ਦੇ ਬਜਟ 'ਚ ਭਾਜਪਾ ਨੇ ਠੀਕ ਉਹੀ ਕੰਮ ਕੀਤਾ ਹੈ, ਜਿਸ ਦਾ ਦੋਸ਼ ਉਹ ਕਾਂਗਰਸ ਉੱਤੇ ਲਾ ਰਹੀ ਹੈ। ਦੇਸ਼ ਦੇ ਆਮ ਲੋਕਾਂ ਦਾ ਵਿੱਤੀ ਘਾਟੇ ਵਰਗੀਆਂ ਬਰੀਕੀਆਂ ਨਾਲ ਲੈਣਾ-ਦੇਣਾ ਨਹੀਂ। ਸੱਚ ਇਹ ਹੈ ਕਿ ਰਾਹੁਲ ਗਾਂਧੀ ਦੇ ਇਸ ਐਲਾਨ ਨਾਲ ਗਰੀਬੀ ਉੱਤੇ 'ਸਰਜੀਕਲ ਸਟਰਾਈਕ' ਹੋਵੇ ਨਾ ਹੋਵੇ, ਇਨ੍ਹਾਂ ਲੋਕ ਸਭਾ ਚੋਣਾਂ ਦੀ ਚਰਚਾ ਜ਼ਰੂਰ ਸਹੀ ਦਿਸ਼ਾ ਵਿੱਚ ਮੁੜ ਗਈ ਹੈ। ਦਿੱਲੀ ਦਰਬਾਰ ਦੀ ਸੱਤਾ ਦੀ ਖੇਡ ਅਤੇ ਟੀ ਵੀ ਚੈਨਲਾਂ ਦੀ ਟੀ ਆਰ ਪੀ ਦੀ ਦੌੜ ਦਰਮਿਆਨ ਅਚਾਨਕ ਇੱਕ 'ਫਟੇਹਾਲ ਗਰੀਬ' ਖੜ੍ਹਾ ਹੋ ਗਿਆ ਅਤੇ ਜੋ ਚੋਣਾਂ ਦੋ ਹਫਤੇ ਪਹਿਲਾਂ ਇਕਪਾਸੜ ਨਜ਼ਰ ਆ ਰਹੀਆਂ ਸਨ, ਉਹ ਅਚਾਨਕ ਖੁੱਲ੍ਹਣ ਲੱਗੀਆਂ ਹਨ।

PUNJABI RANG RADIO
CAIO 530AM
11pm-12am
Every Saturday
Chamkaur Singh
Producer/Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 ● For Marketing 647-656-6648

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell: 416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

### ਜਥੇਦਾਰ ਤੋਤਾ ਸਿੰਘ ਦੇ ਤੇਵਰ ਤਿੱਖੇ

# ਸ਼੍ਰੋਮਣੀ ਕਮੇਟੀ ਦੀ ਹਜ਼ਾਰਾਂ ਏਕੜ ਜ਼ਮੀਨ ਬਰਬਾਦ ਹੋਣ ਦਾ ਦੋਸ਼ ਲਾ ਧਰਿਆ

*** ਲੋੜਵੰਦਾਂ ਅਤੇ ਬਾਹਰੋਂ ਆਈ ਸੰਗਤ ਨੂੰ ਬਿਨਾਂ ਵਿਤਕਰੇ ਕਮਰੇ ਦੀ ਮੰਗ**



ਅੰਮ੍ਰਿਤਸਰ, 31 ਮਾਰਚ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੰਤਰੀ ਜਥੇਦਾਰ ਤੋਤਾ ਸਿੰਘ ਦਾ ਕਹਿਣਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਬਜਟ ਇਜਲਾਸ ਦੋ ਦਿਨਾਂ ਦਾ ਹੋਣਾ ਚਾਹੀਦਾ ਹੈ ਅਤੇ ਹਰ ਮੈਂਬਰ ਨੂੰ ਬੋਲਣ ਦਾ ਮੌਕਾ ਮਿਲਣਾ ਚਾਹੀਦਾ ਹੈ। ਇਸ ਮੌਕੇ ਤੋਤਾ ਸਿੰਘ ਕੁਝ ਬਾਗੀ ਸੁਰਾਂ ਅਲਾਪਦੇ ਨਜ਼ਰ ਆਏ ਹਨ।

ਜਥੇਦਾਰ ਤੋਤਾ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਹਜ਼ਾਰਾਂ ਏਕੜ ਜ਼ਮੀਨ ਬਰਬਾਦ ਹੋ ਰਹੀ ਹੈ ਤੇ ਅੱਜ ਜਦੋਂ ਠੇਕਾ 50 ਹਜ਼ਾਰ ਤੋਂ ਘੱਟ ਨਹੀਂ ਹੈ ਤਾਂ ਉਸ ਪਾਸੇ ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਇੱਕ ਸਬ ਕਮੇਟੀ ਬਣਾ ਕੇ ਇਸ ਦਾ ਜਾਇਜ਼ਾ ਲਵੇ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਸੈਕਸ਼ਨ 85 ਤੇ 87 ਦੇ ਗੁਰਦੁਆਰੇ ਵੀ ਹਨ ਤੇ ਇਨ੍ਹਾਂ ਬਹੁਤ ਸਾਰੇ ਗੁਰਦੁਆਰਿਆਂ ਵਿੱਚ ਮੁਲਾਜ਼ਮਾਂ ਦੀ ਗਿਣਤੀ ਲੋੜ ਤੋਂ ਵੱਧ ਭਰੀ ਹੋਈ ਹੈ। ਉਹ ਕਿਸੇ ਮੁਲਾਜ਼ਮ ਦੀ ਛਾਂਟੀ ਦੀ ਗੱਲ ਨਹੀਂ ਕਰਦੇ, ਪਰ ਯੋਗਤਾ ਦਾ ਖਿਆਲ ਤਾਂ ਜ਼ਰੂਰ ਰੱਖਿਆ ਜਾਵੇ ਤੇ 10+2 ਪੜ੍ਹੇ ਸਿਰਫ ਸੇਵਾਦਾਰ ਹੀ ਲਗਾਏ ਜਾਣ। ਉਨ੍ਹਾ ਨੇ ਕਿਹਾ ਕਿ ਸਰਾਵਾਂ ਦੇ ਪ੍ਰਬੰਧ ਵਿੱਚ ਇਹ ਗੱਲ ਯਕੀਨੀ ਬਣਾਈ ਜਾਵੇ ਕਿ ਕਮਰਾ ਸਿਰਫ ਲੋੜਵੰਦਾਂ ਨੂੰ ਦਿੱਤਾ ਜਾਵੇ, ਕਈ ਵਾਰੀ ਬਾਹਰੋਂ ਆਏ ਸ਼ਰਧਾਲੂ ਖੱਜਲ ਹੁੰਦੇ ਹਨ।

ਇਸ ਮੌਕੇ ਬੀਬੀ ਕਿਰਨਜੋਤ ਕੌਰ ਨੇ ਕਿਹਾ ਕਿ ਪਿਛਲੇ ਸਾਲ ਮੈਂਬਰਾਂ ਦਾ ਟੀ ਏ ਡੀ ਏ ਦੇਣ ਦੇ ਲਈ 10 ਲੱਖ ਰੁਪਏ ਰੱਖੇ ਗਏ ਸਨ, ਪਰ ਨੌਂ ਮਹੀਨਿਆਂ ਵਿੱਚ 50 ਲੱਖ 27 ਹਜ਼ਾਰ 2 ਸੌ ਖਰਚ ਹੋ ਗਏ। ਅਗਲੇ ਤਿੰਨ ਮਹੀਨਿਆਂ ਵਿੱਚ 19 ਲੱਖ 62 ਹਜ਼ਾਰ 800 ਰੁਪਏ ਖਰਚੇ ਜਾਣੇ ਸਨ ਤੇ ਕੁੱਲ ਮਿਲਾ ਕੇ ਸੱਤਰ ਲੱਖ ਬਣਨਗੇ, ਫਿਰ ਇਹ ਕਹਿਣਾ ਕਿ ਮੈਂਬਰ ਕੋਈ ਭੱਤਾ ਨਹੀਂ ਲੈਂਦੇ, ਠੀਕ ਨਹੀਂ ਹੋਵੇਗਾ। ਇਸ ਵਾਰੀ ਬਜਟ ਮੈਂਬਰਾਂ ਨੂੰ ਭੱਤੇ ਦੇਣ ਲਈ ਫਿਰ 85 ਲੱਖ ਰੱਖੇ ਗਏ ਹਨ। ਉਨ੍ਹਾਂ ਕਿਹਾ ਕਿ ਉਹ ਜਥੇਦਾਰ ਤੋਤਾ ਸਿੰਘ ਨਾਲ ਸਹਿਮਤ ਹਨ ਕਿ ਬਹੁਤ ਸਾਰੇ ਮੈਂਬਰ ਕੋਈ ਭੱਤਾ ਨਹੀਂ ਲੈਂਦੇ ਤੇ ਇਸ ਮੱਦ ਲਈ ਸਿਰਫ ਪੰਜ ਲੱਖ ਰੁਪਏ ਰੱਖੇ ਵੀ ਠੀਕ ਹਨ। ਜਦੋਂ ਬੀਬੀ ਕਿਰਨਜੋਤ ਕੌਰ ਹੋਰ ਸੁਝਾਅ ਦੇਣ ਲੱਗੀ ਤਾਂ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਨੰਦ ਸਾਹਿਬ ਦਾ ਪਾਠ ਸ਼ੁਰੂ ਕਰਵਾ ਕੇ ਉਨ੍ਹਾਂ ਨੂੰ ਚੁੱਪ ਕਰਵਾ ਦਿੱਤਾ ਅਤੇ ਸਟੇਜ ਦੇ ਮਾਈਕ ਦੀ ਆਵਾਜ਼ ਬੰਦ ਕਰਵਾ ਦਿੱਤੀ। ਬੀਬੀ ਕਿਰਨਜੋਤ ਕੌਰ ਨੇ ਇੱਕ ਪੱਤਰ ਪ੍ਰਧਾਨ ਨੂੰ ਦਿੱਤਾ ਜਿਸ ਵਿੱਚ ਕਈ ਮੱਦਾਂ ਦਾ ਜ਼ਿਕਰ ਕੀਤਾ ਗਿਆ ਹੈ ਕਿ ਸ਼੍ਰੋਮਣੀ ਕਮੇਟੀ ਵਿੱਚ ਫਜ਼ੂਲ ਖਰਚੀ ਕੀਤੀ ਜਾਂਦੀ ਹੈ।

# ਪੁਲਸ ਵੱਲੋਂ ਖੁਲਾਸਾ, ਫਾਦਰ ਐਂਥਨੀ ਟਰੱਸਟ ਰਾਹੀਂ ਬਲੈਕ ਮਨੀ ਨੂੰ ਵ੍ਹਾਈਟ ਕਰਨਾ ਚਾਹੁੰਦਾ ਸੀ

ਜਲੰਧਰ, 31 ਮਾਰਚ (ਪੋਸਟ ਬਿਊਰੋ)- ਬੀਤੇ ਦਿਨੀਂ ਇਸ ਜ਼ਿਲੇ ਦੇ ਪ੍ਰਤਾਪਪੁਰਾ ਵਿੱਚ ਖੰਨਾ ਪੁਲਸ ਵੱਲੋਂ ਛਾਪਾ ਮਾਰ ਕੇ ਫਾਦਰ ਐਂਥਨੀ ਦੇ ਘਰੋਂ ਹਵਾਲਾ ਰਾਸ਼ੀ ਫੜਨ ਦੇ ਮਾਮਲੇ ਵਿੱਚ ਐੱਸ ਐੱਸ ਪੀ ਖੰਨਾ ਧਰੁਵ ਦਹੀਆ ਨੇ ਪ੍ਰੈਸ ਕਾਨਫਰੰਸ ਕਰ ਕੇ ਕਈ ਤਰ੍ਹਾਂ ਦੇ ਗੰਭੀਰ ਖੁਲਾਸੇ ਕੀਤੇ ਹਨ।

ਐੱਸ ਐੱਸ ਪੀ ਨੇ ਦੱਸਿਆ ਕਿ ਖੰਨਾ ਪੁਲਸ ਨੇ ਵਿਸ਼ੇਸ ਨਾਕੇਬੰਦੀ ਵੇਲੇ ਕਾਰ ਸਵਾਰਾਂ ਤੋਂ 9.66 ਕਰੋੜ ਰੁਪਏ ਦੀ ਹਵਾਲਾ ਰਕਮ ਫੜੀ ਸੀ। ਫੜੇ ਗਏ ਕਾਰ ਸਵਾਰਾਂ ਦੀ ਪਛਾਣ ਰਛਪਾਲ ਸਿੰਘ (ਤਰਨ ਤਾਰਨ), ਰਵਿੰਦਰ ਲਿੰਗਾਇਤ ਉਰਫ ਰਵੀ ਅਤੇ ਉਸ ਦੀ ਪਤਨੀ ਸ਼ਿਵਾਂਗੀ ਲਿੰਗਾਇਤ (ਦੋਵੇਂ ਵਾਸੀ ਨਵੀਂ ਮੁੰਬਈ), ਅਸ਼ੋਕ ਕੁਮਾਰ ਵਾਸੀ ਬਿਲਾਸਪੁਰ (ਹਿਮਾਚਲ ਪ੍ਰਦੇਸ਼) ਅਤੇ ਹਰਪਾਲ ਸਿੰਘ ਵਾਸੀ ਜਲੰਧਰ ਵਜੋਂ ਹੋਈ ਹੈ। ਉਨ੍ਹਾਂ ਦੀਆਂ ਕਾਰਾਂ ਦੀ ਤਲਾਸ਼ੀ ਲੈਣ ਉਪਰੰਤ 9 ਕਰੋੜ 66 ਲੱਖ 61,700 ਰੁਪਏ ਦਾ ਹਵਾਲਾ ਰਕਮ ਮਿਲੀ ਸੀ, ਜਿਸ ਬਾਰੇ ਉਹ 'ਤੇ ਕੋਈ ਦਸਤਾਵੇਜ਼ ਪੇਸ਼ ਨਹੀਂ ਕਰ ਸਕੇ। ਐੱਸ ਐੱਸ ਪੀ ਨੇ ਦੱਸਿਆ ਕਿ ਮਿਲੀ ਰਕਮ ਕਾਲਾ ਧਨ ਹੈ, ਜਿਸ ਨੂੰ ਚਿੱਟਾ ਕਰਨ ਲਈ ਫਾਦਰ ਐਂਥਨੀ ਟਰੱਸਟ ਦੀ ਦੁਰਵਰਤੋਂ ਕਰ ਰਹੇ ਸਨ ਤੇ ਇਸ ਦੀ ਜਾਂਚ ਪੁਲਸ ਦੇ ਨਾਲ ਇਨਕਮ ਟੈਕਸ ਵਿਭਾਗ ਵੀ ਕਰ ਰਿਹਾ ਹੈ। ਉਨ੍ਹਾ ਨੇ ਦੱਸਿਆ ਕਿ ਇਸ ਕੇਸ ਵਿੱਚ ਕਈ ਅਹਿਮ ਭੇਦ ਖੁੱਲ੍ਹੇ ਹਨ। ਐਂਥਨੀ ਕੋਲੋਂ ਪੁੱਛਗਿੱਛ ਦੀ ਵੀਡੀਓਗਰਾਫੀ ਕਰਵਾਈ ਗਈ ਅਤੇ ਇਨਕਮ ਟੈਕਸ ਵਿਭਾਗ ਦੀ ਹਾਜ਼ਰੀ ਵਿੱਚ ਬਿਆਨ ਦਰਜ ਕੀਤੇ ਹਨ। ਫਾਦਰ ਐਂਥਨੀ ਨੇ ਉਨ੍ਹਾਂ ਨੂੰ ਤਸੱਲੀ ਬਖਸ਼ ਜਵਾਬ ਨਹੀਂ ਦਿੱਤਾ, ਜਿਸ ਕਾਰਨ ਇਨਕਮ ਟੈਕਸ ਵਿਭਾਗ ਨੇ ਬਰਾਮਦ ਕੀਤੀ ਰਕਮ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ। ਉਨ੍ਹਾਂ ਕਿਹਾ ਕਿ ਇਸ ਪੈਸੇ ਦੀ ਲੋਕ ਸਭਾ ਚੋਣਾਂ ਵਿੱਚ ਫੰਡਿੰਗ ਹੋਣੀ ਸੀ।

ਪੁਲਸ ਦੇ ਸੂਤਰਾਂ ਮੁਤਾਬਕ ਸ਼ਹਿਰ ਦੇ ਵਿਅਕਤੀ ਇੱਕ ਟਰੱਸਟ ਦੀ ਆੜ ਵਿੱਚ ਕਾਲੇ ਧਨ ਨੂੰ ਚਿੱਟਾ ਕਰਨ ਲੱਗੇ ਹੋਏ ਹਨ। ਜਿੰਨੇ ਵੀ ਟਰੱਸਟ ਮਿਸ਼ਨਰੀ ਕੰਮਾਂ ਨਾਲ ਜੁੜੇ ਹਨ, ਉਹ ਸਭ ਜਾਂਚ ਦੇ ਘੇਰੇ ਵਿੱਚ ਹਨ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਸ਼ਹਿਰ ਦਾ ਇੱਕ ਵਿਅਕਤੀ ਅੱਜਕੱਲ੍ਹ ਦਿੱਲੀ ਵਿੱਚ ਸੈਟਲ ਹੋ ਚੁੱਕਾ ਹੈ ਅਤੇ ਦਿੱਲੀ ਬੈਠ ਕੇ ਕਾਫੀ ਵੱਡੇ ਪੱਧਰ 'ਤੇ ਜਲੰਧਰ ਵਿੱਚ ਹਵਾਲਾ ਨੈੱਟਵਰਕ ਚਲਾ ਰਿਹਾ ਹੈ। ਪੁਲਸ ਨੂੰ ਉਸ ਦੀ ਇਨਪੁਟ ਮਿਲੀ ਹੈ ਤੇ ਜਾਂਚ ਸ਼ੁਰੂ ਕੀਤੀ ਗਈ ਹੈ।

# ਏਅਰਪੋਰਟ ਉੱਤੇ ਐੱਨ ਐੱਸ ਜੀ ਦੇ ਸਾਬਕਾ ਕਮਾਂਡੋ ਤੋਂ 10 ਲੱਖ ਦੀ ਕਰੰਸੀ ਬਰਾਮਦ

ਅੰਮ੍ਰਿਤਸਰ, 31 ਮਾਰਚ (ਪੋਸਟ ਬਿਊਰੋ)- ਕੱਲ੍ਹ ਸੀ ਆਈ ਐੱਸ ਐੱਫ ਦੇ ਜਵਾਨਾਂ ਨੇ ਅੰਮ੍ਰਿਤਸਰ ਏਅਰਪੋਰਟ 'ਤੇ ਐੱਨ ਐੱਸ ਜੀ (ਨੈਸ਼ਨਲ ਸਕਿਓਰਟੀ ਗਾਰਡਜ਼) ਦੇ ਇੱਕ ਸਾਬਕਾ ਕਮਾਂਡੋ ਤੋਂ 17 ਲੱਖ ਦੀ ਕਰੰਸੀ ਫੜੀ ਹੈ। ਸਰਬਜੀਤ ਸਿੰਘ ਵਜੋਂ ਪਛਾਣੇ ਗਏ ਇਸ ਜਵਾਨ ਦੇ ਕੋਲੋਂ ਨਿੱਜੀ ਤੌਰ ਉਤੇ 10 ਲੱਖ ਰੁਪਏ ਬਰਾਮਦ ਕੀਤੇ ਗਏ, ਜਦੋਂ ਕਿ ਉਸ ਦੇ ਇੱਕ ਹੋਰ ਸਾਥੀ ਤੋਂ ਦਿੱਲੀ ਏਅਰਪੋਰਟ ਉੱਤੇ ਸੱਤ ਲੱਖ ਰੁਪਏ ਦੀ ਬਰਾਮਦਗੀ ਹੋਈ।

ਮਿਲੀ ਜਾਣਕਾਰੀ ਮੁਤਾਬਕ ਇੰਡੀਗੋ ਏਅਰਲਾਈਨ ਦੀ ਉਡਾਣ ਕੱਲ੍ਹ ਸਵੇਰੇ ਦਿੱਲੀ ਜਾਣ ਵਾਲੀ ਸੀ। ਇਸ ਦੌਰਾਨ ਏਅਰਪੋਰਟ ਉੱਤੇ ਤੈਨਾਤ ਸੀਆਈ ਐੱਸ ਐੱਫ ਅਧਿਕਾਰੀਆਂ ਨੂੰ ਇੱਕ ਵਿਅਕਤੀ ਸ਼ੱਕੀ ਹਾਲਤ ਵਿੱਚ ਦਿਖਾਈ ਦਿੱਤਾ, ਜਿਸ ਨੂੰ ਪੁੱਛਗਿੱਛ ਕਰਨ ਉੱਤੇ ਉਸ ਨੇ ਆਪਣੀ ਪਛਾਣ ਆਈ ਐੱਨ ਐੱਸ ਕਮਾਂਡੋ ਵਜੋਂ ਦਿੱਤੀ। ਪਛਾਣ ਪੱਤਰ ਦੇਖਣ 'ਤੇ ਸੀ ਆਈ ਐੱਸ ਐੱਫ ਦੇ ਜਵਾਨਾਂ ਨੂੰ ਦੋ ਵੱਖ-ਵੱਖ ਤਸਵੀਰਾਂ ਵਿੱਚ ਫਰਕ ਮਿਲਿਆ। ਜਵਾਨਾਂ ਨੇ ਜਦੋਂ ਉਸ ਵਿਅਕਤੀ ਤੋਂ ਹੋਰ ਪੁੱਛਗਿੱਛ ਕੀਤੀ ਤਾਂ ਉਹ ਆਪਣੇ ਕੰਪਨੀ ਕਮਾਂਡਰ ਦਾ ਨਾਂਅ ਵੀ ਨਹੀਂ ਸੀ ਦੱਸ ਸਕਿਆ। ਇਸ ਮਗਰੋਂ ਸੀ ਆਈ ਐੱਸ ਐੱਫ ਜਵਾਨਾਂ ਨੂੰ ਮਹਿਸੂਸ ਹੋਇਆ ਕਿ ਉਹ ਆਪਣੀ ਪਛਾਣ ਛੁਪਾ ਰਿਹਾ ਹੈ। ਜਦੋਂ ਉਸ ਦੀ ਤਲਾਸ਼ੀ ਲਈ ਤਾਂ ਉਸ ਦੇ ਬੈਗ ਵਿੱਚੋਂ ਭਾਰਤੀ ਕਰੰਸੀ ਦੇ ਬੰਡਲ ਦਿਖਾਈ ਦਿੱਤੇ। ਪੁੱਛਣ ਉਤੇ ਉਸ ਨੇ ਦੱਸਿਆ ਕਿ ਉਸ ਕੋਲ 17 ਲੱਖ ਰੁਪਏ ਹਨ, ਪਰ ਸੀ



ਆਈ ਐੱਸ ਐੱਫ ਦੇ ਜਵਾਨਾਂ ਨੇ ਜਦੋਂ ਬੈਗ ਵਿੱਚੋਂ ਬੰਡਲ ਗਿਣੇ ਤਾਂ 10 ਲੱਖ ਰੁਪਏ ਨਿਕਲੇ। ਇਸ ਉਤੇ ਸੀ ਆਈ ਐੱਸ ਐੱਫ ਜਵਾਨਾਂ ਦਾ ਸ਼ੱਕ ਵੱਧ ਗਿਆ। ਜਦੋਂ ਉਨ੍ਹਾਂ ਨੇ ਦੋਸ਼ੀ ਤੋਂ ਫਿਰ ਪੁੱਛਗਿੱਛ ਕੀਤੀ ਤਾਂ ਉਸ ਨੇ ਦੱਸਿਆ ਕਿ ਉਸ ਦਾ ਇੱਕ ਰਿਸ਼ਤੇਦਾਰ ਵੀ ਉਸੇ ਉਡਾਣ ਵਿੱਚ ਜਾ ਰਿਹਾ ਸੀ ਤੇ ਸੱਤ ਲੱਖ ਰੁਪਏ ਉਸ ਕੋਲ ਸਨ। ਓਦੋਂ ਇੰਡੀਗੋ ਏਅਰਲਾਈਨਸ ਦੀ ਫਲਾਈਟ ਜਾ ਚੁੱਕੀ ਸੀ, ਪਰ ਫੁਰਤੀ ਵਿਖਾਉਂਦੇ ਹੋਏ ਸੀ ਆਈ ਐੱਸ ਐੱਫ ਦੇ ਜਵਾਨਾਂ ਨੇ ਦਿੱਲੀ ਦੇ ਅਧਿਕਾਰੀਆਂ ਨਾਲ ਸੰਪਰਕ ਕੀਤਾ ਅਤੇ ਉਡਾਣ ਤੋਂ ਉਤਰਦੇ ਸਾਰ ਦੋਸ਼ੀ ਦੇ ਸਾਥੀ ਕਰਮਜੀਤ ਸਿੰਘ ਨੂੰ ਵੀ ਘੇਰ ਲਿਆ। ਉਸ ਦੇ ਕਬਜ਼ੇ 'ਚੋਂ ਸੱਤ ਲੱਖ ਰੁਪਏ ਦੀ ਕਰੰਸੀ ਹੋਰ ਮਿਲੀ। ਫੜੇ ਗਏ ਜਵਾਨ ਨੂੰ ਏਅਰਪੋਰਟ ਪੁਲਸ ਦੇ ਹਵਾਲੇ ਕਰ ਦਿੱਤਾ ਗਿਆ। ਏਅਰਪੋਰਟ ਦੇ ਥਾਣਾ ਮੁਖੀ ਨੇ ਦੱਸਿਆ ਕਿ ਗ੍ਰਿਫਤਾਰ ਕੀਤਾ ਗਿਆ ਜਵਾਨ ਸਰਬਜੀਤ ਸਿੰਘ ਆਈ ਐੱਨ ਐੱਸ ਦਾ ਸਾਬਕਾ ਕਮਾਂਡੋ ਹੈ ਅਤੇ ਇਹ ਰੁਪਿਆ ਉਹ ਕਾਰੋਬਾਰ ਲਈ ਲਿਜਾ ਰਿਹਾ ਸੀ। ਉਨ੍ਹਾਂ ਕਿਹਾ ਕਿ ਮਾਮਲਾ ਟੈਕਸ ਅਧਿਕਾਰੀਆਂ ਦੇ ਨੋਟਿਸ ਵਿੱਚ ਲਿਆ ਦਿੱਤਾ ਹੈ। ਜਾਂਚ ਉਪਰੰਤ ਹੀ ਕਾਰਵਾਈ ਹੋ ਸਕਦੀ ਹੈ।

## ਡਰੱਗ ਕੇਸ ਦੇ ਦੋ ਕੇਸਾਂ ਵਿੱਚੋਂ ਰਵੀ ਦਿਉਲ ਸੀ ਬੀ ਆਈ ਕੋਰਟ ਵੱਲੋਂ ਬਰੀ

ਐਸ ਏ ਐਸ ਨਗਰ, 31 ਮਾਰਚ (ਪੋਸਟ ਬਿਊਰੋ)- ਪੰਜਾਬ ਦੇ ਬਹੁ ਚਰਚਿਤ ਹਾਰਡ ਡਰੱਗਜ਼ ਕੇਸ, ਥਾਣਾ ਫਤਿਹਗੜ੍ਹ ਸਾਹਿਬ ਅਤੇ ਥਾਣਾ ਅਰਬਨ ਸਟੇਟ 'ਚ ਦਰਜ ਹੋਏ ਨਸ਼ਾ ਤਸਕਰੀ ਦੇ ਕੇਸ ਵਿੱਚ ਫਿਲਮੀ ਅਦਾਕਾਰ ਅਤੇ ਗਾਇਕ ਰਵੀ ਚਰਨ ਸਿੰਘ ਉਰਫ ਰਵੀ ਦਿਉਲ ਨੂੰ ਸੀ ਬੀ ਆਈ ਦੀ ਵਿਸ਼ੇਸ਼ ਅਦਾਲਤ ਨੇ ਸਬੂਤਾਂ ਦੀ ਘਾਟ ਕਾਰਨ ਕੇਸ 'ਚੋਂ ਬਰੀ ਕਰ ਦਿੱਤਾ ਹੈ, ਪਰ ਥਾਣਾ ਸਰਹਿੰਦ ਵਿਖੇ ਦਰਜ 90 ਕਿਲੋ ਸੂਡੋ ਐਫਡਰੀਨ ਅਤੇ ਪੰਜ ਕਿਲੋ ਆਈਸ ਬਰਾਮਦ ਹੋਣ ਵਾਲਾ ਮਾਮਲਾ ਅਜੇ ਅਦਾਲਤ 'ਚ ਅਜੇ ਵੀ ਵਿਚਾਰ ਅਧੀਨ ਹੈ।

ਇਸ ਬਾਰੇ ਰਵੀ ਚਰਨ ਸਿੰਘ ਉਰਫ ਰਵੀ ਦਿਉਲ ਦੇ ਵਕੀਲ ਮਨਦੀਪ ਸਿੰਘ ਬੈਂਸ ਅਤੇ ਐਡਵੋਕੇਟ ਹਨੀ ਗਿੱਲ ਨੇ ਦੱਸਿਆ ਕਿ ਉਨ੍ਹਾਂ ਨੇ ਸੀ ਬੀ ਆਈ ਦੇ ਵਿਸ਼ੇਸ਼ ਜੱਜ ਐਨ ਐਸ ਗਿੱਲ ਦੀ ਅਦਾਲਤ 'ਚ ਰਵੀ ਦਿਉਲ ਖਿਲਾਫ ਦਰਜ ਕੇਸ ਨੰਬਰ 69/13 ਥਾਣਾ ਫਤਿਹਗੜ੍ਹ ਸਾਹਿਬ, 50/13 ਥਾਣਾ ਅਰਬਨ ਸਟੇਟ ਪਟਿਆਲਾ ਅਤੇ ਕੇਸ ਨੰਬਰ 42/13 ਥਾਣਾ ਸਰਹਿੰਦ ਵਿੱਚ ਉਸ ਨੂੰ ਕੇਸ 'ਚੋਂ ਬਰੀ ਕਰਨ ਦੀ ਅਰਜ਼ੀ ਦਾਇਰ ਕੀਤੀ ਸੀ। ਇਸ ਅਰਜ਼ੀ 'ਚ ਦੱਸਿਆ ਗਿਆ ਸੀ ਕਿ ਰਵੀ ਦਿਉਲ ਨੂੰ ਗਲਤ ਫਸਾਇਆ ਗਿਆ ਹੈ ਅਤੇ ਦੋ ਕੇਸਾਂ 'ਚ ਉਸ ਤੋਂ ਕੋਈ ਰਿਕਵਰੀ ਨਹੀਂ ਹੋਈ। ਅਦਾਲਤ ਨੇ ਸਰਕਾਰੀ ਧਿਰ ਅਤੇ ਬਚਾਅ ਪੱਖ ਦੀਆਂ ਦਲੀਲਾਂ ਸੁਣਨ ਪਿੱਛੋਂ ਫਤਿਹਗੜ੍ਹ ਸਾਹਿਬ ਅਤੇ ਅਰਬਨ ਸਟੇਟ ਪਟਿਆਲਾ ਵਿਖੇ ਦਰਜ ਕੇਸਾਂ 'ਚੋਂ ਰਵੀ ਦਿਉਲ ਨੂੰ ਛੱਡ ਦਿੱਤਾ ਹੈ।

## ਪਰਵਾਸੀ ਪੰਜਾਬੀਆਂ ਦੇ ਵਿਆਹ ਟੁੱਟਣ ਦੀਆਂ ਸ਼ਿਕਾਇਤਾਂ ਹੋਰ ਵੀ ਵਧਣ ਲੱਗ ਪਈਆਂ

ਚੰਡੀਗੜ੍ਹ, 31 ਮਾਰਚ (ਪੋਸਟ ਬਿਊਰੋ)- ਪੰਜਾਬ ਵਿੱਚ ਪਰਵਾਸੀ ਭਾਰਤੀਆਂ ਨਾਲ ਸਬੰਧਤ ਅਪਰਾਧਾਂ ਵਿੱਚ ਵਿਆਹਾਂ ਦੇ ਝਗੜਿਆਂ ਨੇ ਪਹਿਲੀ ਥਾਂ ਲੈ ਲਈ ਹੈ। ਪੁਲਸ ਦੇ ਐਨ ਆਰ ਆਈ ਵਿੰਗ ਤੋਂ ਮਿਲੀ ਜਾਣਕਾਰੀ ਮੁਤਾਬਕ ਜਾਇਦਾਦ ਨਾਲ ਸਬੰਧਤ ਜੁਰਮ ਬਾਰੇ ਸ਼ਿਕਾਇਤਾਂ ਵੀ ਆਉਂਦੀਆਂ ਹਨ, ਪਰ ਵਿਦੇਸ਼ ਜਾਣ ਤੋਂ ਬਾਅਦ ਲੜਕੇ ਅਤੇ ਲੜਕੀ ਦੇ ਵਿਆਹੁਤਾ ਸਬੰਧ ਵਿਗੜਨ ਅਤੇ ਧੋਖਾਧੜੀ ਦੀਆਂ ਸ਼ਿਕਾਇਤਾਂ ਵੱਧ ਆਉਣ ਲੱਗੀਆਂ ਹਨ।

ਪੰਜਾਬ ਪੁਲਸ ਵੱਲੋਂ ਐਨ ਆਰ ਆਈ ਥਾਣਿਆਂ ਵਿੱਚ 2013 ਤੋਂ ਮਾਰਚ 2019 ਤੱਕ ਦੇ ਸਮੇਂ ਦੌਰਾਨ ਪਰਵਾਸੀ ਭਾਰਤੀਆਂ ਨਾਲ ਸਬੰਧਤ ਅਪਰਾਧਾਂ ਦੇ ਜਿੰਨੇ ਮਾਮਲੇ ਦਰਜ ਹੋਏ, ਉਨ੍ਹਾਂ ਮੁਤਾਬਕ ਇਸ ਸਮੇਂ ਦੌਰਾਨ ਵਿਆਹਾਂ ਸਬੰਧੀ ਝਗੜਿਆਂ ਦੇ 446 ਕੇਸ ਸਨ। ਜਾਇਦਾਦ ਦੇ ਮਾਮਲਿਆਂ ਦੀ ਗਿਣਤੀ 270 ਤੇ ਹੋਰ ਅਪਰਾਧਕ ਕੇਸਾਂ ਦੀ ਗਿਣਤੀ 358 ਹੈ। ਸੀਨੀਅਰ ਅਧਿਕਾਰੀਆਂ ਮੁਤਾਬਕ ਵਿਆਹਾਂ ਸਬੰਧੀ ਝਗੜਿਆਂ ਦੀਆਂ ਸ਼ਿਕਾਇਤਾਂ ਵਧੇਰੇ ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ ਅਤੇ ਅਮਰੀਕਾ ਆਦਿ ਤੋਂ ਆ ਰਹੀਆਂ ਹਨ। ਐਨ ਆਰ ਆਈ ਵਿੰਗ ਦੇ ਸੀਨੀਅਰ ਅਧਿਕਾਰੀ ਦੱਸਦੇ ਹਨ ਕਿ ਵਿਆਹ ਬਾਰੇ ਜੁਰਮ ਆਮ ਤੌਰ 'ਤੇ ਵਿਦੇਸ਼ੀ ਧਰਤੀ 'ਤੇ ਹੁੰਦਾ ਹੈ, ਪਰ ਲੜਕੀ ਦੇ ਪਰਵਾਰ ਵੱਲੋਂ ਪੰਜਾਬ 'ਚ ਪਰਚਾ ਦਰਜ ਕਰਾਉਣ ਦੇ ਯਤਨ ਕੀਤੇ ਜਾਂਦੇ ਹਨ। ਪੰਜਾਬ ਪੁਲਸ ਦੀ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਲੜਕੀ ਦਾ ਪਰਵਾਰ ਦਬਾਅ ਪਾ ਕੇ ਲੜਕੇ ਨੂੰ ਵਿਦੇਸ਼ ਤੋਂ ਕਾਨੂੰਨੀ ਤਰੀਕੇ ਨਾਲ ਵਾਪਸ ਬੁਲਾਉਣ ਨੂੰ ਕਹਿੰਦਾ ਹੈ। ਵਿਦੇਸ਼ੀ ਕਾਨੂੰਨ ਮੁਤਾਬਕ ਦਹੇਜ ਲੈਣਾ ਅਪਰਾਧਿਕ ਸ਼੍ਰੇਣੀ ਵਿੱਚ ਨਹੀਂ ਆਉਂਦਾ ਤੇ ਕੈਨੇਡਾ ਆਦਿ ਦੇਸ਼ਾਂ ਵਿੱਚ ਦਾਜ ਬਾਰੇ ਦੀਵਾਨੀ ਮਾਮਲਾ ਦਾਇਰ ਕਰਨਾ ਪੈਂਦਾ ਹੈ। ਵਿਦੇਸ਼ ਤੋਂ ਸੱਦਣ ਲਈ ਲੜਕੇ ਦੇ ਪਰਿਵਾਰ ਅਤੇ ਲੜਕੇ ਉਤੇ ਧੋਖਾਧੜੀ ਦੀ ਧਾਰਾ 420 ਦਾ ਮਾਮਲਾ ਦਰਜ ਕਰਨ ਲਈ ਦਬਾਅ ਪਾਇਆ ਜਾਂਦਾ ਹੈ। ਐਨ ਆਰ ਆਈ ਵਿੰਗ ਤੋਂ ਮਿਲੇ ਤੱਥਾਂ ਮੁਤਾਬਕ ਪੁਲਸ ਨੇ 2016 ਵਿੱਚ 135 ਲੁਕ ਆਊਟ ਨੋਟਿਸ (ਐਲ ਓ ਸੀ) ਜਾਰੀ ਕੀਤੇ ਸਨ। ਸਾਲ 2017 ਵਿੱਚ ਐਲ ਓ ਸੀ ਦੀ ਗਿਣਤੀ ਵਧ ਕੇ 250 ਹੋ ਗਈ ਅਤੇ 2018 ਵਿੱਚ 310 ਤੱਕ ਪਹੁੰਚ ਗਈ। ਸਾਲ 2019 ਦੌਰਾਨ ਹਾਲੇ ਤੱਕ 95 ਕੇਸਾਂ ਵਿੱਚ ਐਲ ਓ ਸੀ ਜਾਰੀ ਹੋ ਚੁੱਕੇ ਹਨ।

# ਕੁੱਤਿਆਂ ਵੱਲੋਂ ਨੋਚੇ ਗਏ ਬਜ਼ੁਰਗ ਦੀ ਸਿਵਲ ਹਸਪਤਾਲ ਵਿੱਚ ਮੌਤ

ਜੰਡੂ ਸਿੰਘਾ, 31 ਮਾਰਚ (ਪੋਸਟ ਬਿਊਰੋ)- ਥਾਣਾ ਪਤਾਰਾ ਦੀ ਹੱਦ ਵਿਚਲੇ ਪਿੰਡ ਢੱਡੇ ਵਿੱਚ ਆਵਾਰਾ ਕੁੱਤਿਆਂ ਨੇ ਇੱਕ ਬਜ਼ੁਰਗ ਨੂੰ ਬੁਰੀ ਤਰ੍ਹਾਂ ਨੋਚ ਦਿੱਤਾ। ਉਸ ਦੀ ਹਸਪਤਾਲ ਵਿੱਚ ਮੌਤ ਹੋ ਗਈ।

ਥਾਣਾ ਪਤਾਰਾ ਦੀ ਐੱਸ ਐੱਚ ਓ ਅਰਸ਼ਪ੍ਰੀਤ ਕੌਰ ਨੇ ਦੱਸਿਆ ਕਿ ਸ਼ੁੱਕਰਵਾਰ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਇੱਕ ਬਜ਼ੁਰਗ ਵਿਅਕਤੀ ਨੂੰ ਆਵਾਰਾ ਕੁੱਤਿਆਂ ਨੇ ਬੁਰੀ ਤਰ੍ਹਾਂ ਕੱਟਿਆ ਹੈ ਅਤੇ ਸਰਕਾਰੀ ਸਕੂਲ ਦੇ ਨਾਲ ਲੱਗਦੇ ਪਲਾਟ ਵਿੱਚ ਉਹ ਜ਼ਖਮੀ ਹਾਲਤ ਵਿੱਚ ਪਿਆ ਹੈ। ਇਸ ਦੇ ਬਾਅਦ ਪੁਲਸ ਅਤੇ ਢੱਡੇ ਦੇ



ਲੋਕਾਂ ਨੇ ਜ਼ਖਮੀ ਬਜ਼ੁਰਗ ਨੂੰ ਆਦਮਪੁਰ ਸਿਵਲ ਹਸਪਤਾਲ ਭੇਜਿਆ, ਜਿੱਥੇ ਹਾਲਤ ਨਾਜ਼ੁਕ ਹੋਣ 'ਤੇ ਉਸ ਨੂੰ ਸਿਵਲ ਹਸਪਤਾਲ ਜਲੰਧਰ ਭੇਜ ਦਿੱਤਾ ਗਿਆ, ਪਰ ਇਲਾਜ ਦੌਰਾਨ ਸ਼ਨੀਵਾਰ ਨੂੰ ਬਜ਼ੁਰਗ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਨਹੀਂ ਹੋ ਸਕੀ।

# ਰਿਜ਼ਰਵ ਬੈਂਕ ਵੱਲੋਂ ਪੰਜਾਬ ਲਈ 19,240.91 ਕਰੋੜ ਦਾ ਨਕਦ ਹੱਦ ਕਰਜ਼ਾ ਪ੍ਰਵਾਨ

ਚੰਡੀਗੜ੍ਹ, 31 ਮਾਰਚ (ਪੋਸਟ ਬਿਊਰੋ)- ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਨੇ ਹਾੜੀ ਦੇ ਮੰਡੀਕਰਨ ਸੀਜ਼ਨ ਲਈ ਕਣਕ ਦੀ ਖਰੀਦ ਵਾਸਤੇ ਪੰਜਾਬ ਸਰਕਾਰ ਨੂੰ 19,240.91 ਕਰੋੜ ਰੁਪਏ ਨਕਦ ਹੱਦ ਕਰਜ਼ੇ (ਸੀ ਸੀ ਐਲ) ਦੀ ਪ੍ਰਵਾਨਗੀ ਦੇ ਦਿੱਤੀ ਹੈ। ਰਾਜ ਸਰਕਾਰ ਨੇ ਇਸ ਸੀਜ਼ਨ ਦੌਰਾਨ 130 ਲੱਖ




ਟਨ ਕਣਕ ਦੀ ਖਰੀਦ ਕਰਨ ਲਈ ਮੰਗੀ ਸੀ ਸੀ ਐਲ ਰਾਸ਼ੀ ਵਿੱਚੋਂ ਕੇਂਦਰੀ ਬੈਂਕ ਨੇ ਇਹ ਰਾਸ਼ੀ ਜਾਰੀ ਕਰ ਦਿੱਤੀ ਹੈ। ਇਸ ਸੰਬੰਧ ਵਿੱਚ ਪੰਜਾਬ ਸਰਕਾਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਸੀ ਸੀ ਐਲ ਜਾਰੀ ਹੋਣ ਦੇ ਬਾਅਦ ਪੰਜਾਬ ਦੀ ਸਰਕਾਰ ਨੂੰ ਕਣਕ ਦੀ ਖਰੀਦ ਲਈ ਕਿਸਾਨਾਂ ਨੂੰ ਸਮੇਂ ਸਿਰ ਭੁਗਤਾਨ ਕਰਨ 'ਚ ਮਦਦ ਮਿਲੇਗੀ।

## ਭਾਖੜਾ ਵਿੱਚ ਡਿੱਗੇ ਸਾਥੀ ਨੂੰ ਬਚਾਉਂਦੇ ਦੋ ਰੁੜ੍ਹੇ, ਇੱਕ ਬਚਾਇਆ

ਫਤਿਹਗੜ੍ਹ ਸਾਹਿਬ, 31 ਮਾਰਚ (ਪੋਸਟ ਬਿਊਰੋ)- ਭਾਖੜਾ ਨਹਿਰ ਦੀ ਨਰਵਾਣਾ ਬ੍ਰਾਂਚ ਵਿੱਚ ਹੱਥ ਧੋਣ ਉਤਰਿਆ ਇੱਕ ਵਿਦਿਆਰਥੀ ਪੈਰ ਸਲਿਪ ਹੋਣ ਕਾਰਨ ਨਹਿਰ ਵਿੱਚ ਜਾ ਡਿੱਗਾ। ਉਸ ਦੇ ਸਾਥੀਆਂ ਨੇ ਉਸ ਨੂੰ ਬਚਾਉਣ ਲਈ ਕੋਸ਼ਿਸ਼ ਕੀਤੀ ਤਾਂ ਸਾਰੇ ਉਹ ਵੀ ਤੇਜ਼ ਪਾਣੀ ਦੀ ਲਪੇਟ ਵਿੱਚ ਆ ਗਏ। ਨਹਿਰ ਕਿਨਾਰੇ ਖੜ੍ਹੇ ਲੋਕਾਂ ਨੇ ਇੱਕ ਵਿਦਿਆਰਥੀ ਨੂੰ ਤਾਂ ਬਚਾ ਲਿਆ, ਦੋ ਵਿਦਿਆਰਥੀ ਨਹਿਰ ਵਿੱਚ ਲਾਪਤਾ ਹੋ ਗਏ। ਲਾਪਤਾ ਵਿਦਿਆਰਥੀ ਹਨੀ ਤਿਆਗੀ ਵਾਸੀ ਦਿੱਲੀ ਅਤੇ ਫਰੀਦ ਹਸਨ ਅੰਸਾਰੀ ਵਾਲੀ ਦੇਹਰਾਦੂਨ ਦੇ ਦੱਸੇ ਗਏ ਹਨ। ਨਹਿਰ 'ਚੋਂ ਕੱਢਿਆ ਵਿਦਿਆਰਥੀ ਪਠਾਨਕੋਟ ਦਾ ਪ੍ਰਣਵ ਸਿੰਘ ਹੈ। ਸਾਰੇ ਦੇਸ਼ਭਗਤ ਆਯੁਰਵੈਦਿਕ ਕਾਲਜ ਦੇ ਬੀ ਐੱਮ ਐੱਸ ਦੇ ਵਿਦਿਆਰਥੀ ਸਨ।

ਥਾਣਾ ਸਰਹਿੰਦ ਦੇ ਮੁਖੀ ਰਜਨੀਸ਼ ਸੂਦ ਨੇ ਦੱਸਿਆ ਕਿ ਕੱਲ੍ਹ ਦੁਪਹਿਰ ਸੋਡਾ ਹੈੱਡ ਦੇ ਨੇੜੇ ਉਕਤ ਤਿੰਨੇ ਦੋਸਤ ਕਾਲਜ ਵਿੱਚ ਛੁੱਟੀ ਹੋਣ ਕਾਰਨ ਨਹਿਰ ਕੰਢੇ ਘੁੰਮਣ ਆਏ ਸਨ। ਉਹ ਗੱਲਾਂ ਕਰ ਰਹੇ ਸਨ ਕਿ ਇੱਕ ਵਿਦਿਆਰਥੀ ਨਹਿਰ ਵਿੱਚ ਬਣੀਆਂ ਪੌੜੀਆਂ 'ਤੇ ਹੱਥ ਧੋਣ ਦੇ ਲਈ ਉਤਰ ਗਿਆ। ਅਚਾਨਕ ਉਸ ਦਾ ਪੈਰ ਸਲਿਪ ਹੋ ਗਿਆ ਅਤੇ ਉਹ ਨਹਿਰ ਵਿੱਚ ਜਾ ਡਿੱਗਾ। ਲਾਪਤਾ ਵਿਦਿਆਰਥੀਆਂ ਦੀ ਤਲਾਸ਼ ਗੋਤਾਖੋਰਾਂ ਦੀ ਟੀਮ ਕਰ ਰਹੀ ਹੈ। ਐੱਸ ਐੱਚ ਓ ਦੇ ਮੁਤਾਬਕ ਬਾਹਰ ਕੱਢਿਆ ਗਿਆ ਵਿਦਿਆਰਥੀ ਪ੍ਰਣਬ ਸਿੰਘ ਸਹਿਮਿਆ ਹੋਇਆ ਤੇ ਕੁਝ ਕਹਿ ਸਕਣ ਦੀ ਸਥਿਤੀ ਵਿੱਚ ਨਹੀਂ।

We Provide services:
- Corporation Registration
- Corporation Tax Returns
- Personal Tax Retrurns
- Accounting • Book - Keeping
- H.S.T • WSIB • T4 • E-File
- Assistance in Audit with CRA

CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com



7956 Torbram Rd, Unit #209, Brampton, ON L6T 5A2 Fax: 905-291-0741

A/Z Drivers Needed/ਡਰਾਈਵਰਾਂ ਦੀ ਲੋੜ



- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"
New Drivers Are Also Welcome, We Give Paid Training With Full Time Job
For Further Information Contact: 6476253344

www.AREA REALTOR.com




KAMAL SANDHU
Sales Representative
647.891.0143
905.488.2100 ext. 407



## ਧਾਰਾ 370 ਖਤਮ ਕਰਨਾ ਭਾਰਤ ਤੇ ਜੰਮੂ-ਕਸ਼ਮੀਰ ਦੇ ਰਿਸ਼ਤੇ ਲਈ ਖਤਰਾ : ਮਹਿਬੂਬਾ

ਸ੍ਰੀਨਗਰ, 31 ਮਾਰਚ (ਪੋਸਟ ਬਿਊਰੋ)- ਪਾਰਲੀਮੈਂਟ ਚੋਣਾਂ ਲਈ ਸਾਰੇ ਦੇਸ਼ ਦੇ ਸਿਆਸੀ ਗਲਿਆਰਿਆਂ 'ਚ ਸਰਗਰਮੀ ਵਧੀ ਹੋਈ ਹੈ ਅਤੇ ਸਿਆਸੀ ਨੇਤਾ ਵੱਖ-ਵੱਖ ਮੁੱਦਿਆਂ ਬਾਰੇ ਲੋਕਾਂ ਵਿੱਚ ਆਪਣੀ ਹੋਂਦ ਦਿਖਾਉਣ ਲੱਗੇ ਹੋਏ ਹਨ। ਇਸੇ ਲੜੀ ਵਿੱਚ ਪੀ ਡੀ ਪੀ ਪਾਰਟੀ ਦੀ ਪ੍ਰਧਾਨ ਅਤੇ ਜੰਮੂ-ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੇ ਆਪਣੇ ਰਾਜ ਨਾਲ ਜੁੜਦੀ ਧਾਰਾ 370 ਬਾਰੇ ਇੱਕ ਵੱਡਾ ਬਿਆਨ ਦਾਗ ਦਿੱਤਾ ਹੈ।



ਕੱਲ੍ਹ ਇਥੇ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਜੰਮੂ-ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਅਤੇ ਪੀ ਡੀ ਪੀ ਪਾਰਟੀ ਦੀ ਮੁਖੀ ਮਹਿਬੂਬਾ ਮੁਫਤੀ ਨੇ ਕਿਹਾ ਕਿ ਧਾਰਾ 370 ਜੰਮੂ-ਕਸ਼ਮੀਰ ਸੂਬੇ ਨੂੰ ਵਿਸ਼ੇਸ਼ ਦਰਜਾ ਦੇਂਦੀ ਹੈ, ਜੇ ਧਾਰਾ 370 ਨੂੰ ਖਤਮ ਕੀਤਾ ਗਿਆ ਤਾਂ ਇਹ ਮੁਸਲਿਮ ਬਹੁ ਗਿਣਤੀ ਸੂਬਾ ਭਾਰਤ ਦਾ ਹਿੱਸਾ ਬਣੇ ਰਹਿਣਾ ਪਸੰਦ ਨਹੀਂ ਕਰ ਸਕਦਾ। ਉਨ੍ਹਾਂ ਕਿਹਾ ਕਿ ਜੇ ਤੁਸੀਂ ਧਾਰਾ 370 ਵਾਲੇ ਉਸ ਪੁਲ ਨੂੰ ਤੋੜਦੇ ਹੋ ਤਾਂ ਭਾਰਤ ਤੇ ਜੰਮੂ-ਕਸ਼ਮੀਰ ਵਿਚਾਲੇ ਸੰਬੰਧਾਂ ਨੂੰ ਵੀ ਤੁਹਾਨੂੰ ਫਿਰ ਨਵੇਂ ਸਿਰਿਓਂ ਤੈਅ ਕਰਨਾ ਹੋਵੇਗਾ, ਜਿਸ ਵਿੱਚ ਕਈ ਸ਼ਰਤਾਂ ਹੋਣਗੀਆਂ। ਕੀ ਮੁਸਲਿਮ ਬਹੁ ਗਿਣਤੀ ਸੂਬਾ, ਤੁਹਾਡੇ ਨਾਲ ਰਹਿਣਾ ਚਾਹੇਗਾ, ਜੇ ਤੁਸੀਂ ਧਾਰਾ 370 ਨੂੰ ਖਤਮ ਕਰਦੇ ਹੋ?

## ਅੰਮ੍ਰਿਤਧਾਰੀ ਸਿੱਖ ਪ੍ਰੀਖਿਆਰਥੀਆਂ ਦੇ ਕਕਾਰਾਂ ਉਤੇ ਰੋਕ ਲਾਉਣ ਦੇ ਹੁਕਮ ਹਾਈ ਕੋਰਟ ਵੱਲੋਂ ਰੱਦ

ਚੰਡੀਗੜ੍ਹ, 31 ਮਾਰਚ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਅੰਮ੍ਰਿਤਧਾਰੀ ਸਿੱਖਾਂ ਦੇ ਕਕਾਰਾਂ ਉੱਤੇ ਰੋਕ ਦੇ ਹੁਕਮ ਰੱਦ ਕਰਦੇ ਹੋਏ ਹਰਿਆਣਾ ਪਬਲਿਕ ਸਰਵਿਸ ਕਮਿਸ਼ਨ ਨੂੰ ਹੁਕਮ ਕੀਤਾ ਹੈ ਕਿ ਹਰਿਆਣਾ ਸਿਵਲ ਸਰਵਿਸ ਦੀ ਪ੍ਰੀਖਿਆ ਵੇਲੇ ਪ੍ਰੀਖਿਆ ਕੇਂਦਰਾਂ ਵਿੱਚ ਅੰਮ੍ਰਿਤਧਾਰੀ ਸਿੱਖਾਂ ਨੂੰ ਕਕਾਰ ਲਿਜਾਣ ਦੀ ਖੁੱਲ੍ਹ ਦੇ ਦੇਵੇ।
ਇਸ ਸੰਬੰਧ ਵਿੱਚ ਹਾਈ ਕੋਰਟ ਨੇ ਕਿਹਾ ਹੈ ਕਿ ਸਿਰਫ਼ ਉਨ੍ਹਾਂ ਹੀ ਉਮੀਦਵਾਰਾਂ ਨੂੰ ਕਕਾਰ ਨਾਲ ਲਿਜਾਣ ਦੀ ਖੁੱਲ੍ਹ ਮਿਲੇਗੀ, ਜਿਹੜੇ ਪ੍ਰੀਖਿਆ ਸ਼ੁਰੂ ਹੋਣ ਤੋਂ ਇਕ ਘੰਟਾ ਪਹਿਲਾਂ ਪ੍ਰੀਖਿਆ ਕੇਂਦਰ ਵਿਚ ਪੁੱਜਣਗੇ ਤੇ ਉਸ ਸਮੇਂ ਦੌਰਾਨ ਉਨ੍ਹਾਂ ਦੇ ਕਕਾਰਾਂ ਦਾ ਨਿਰੀਖਣ ਕੀਤਾ ਜਾਵੇਗਾ। ਜਸਟਿਸ ਆਰ ਕੇ ਜੈਨ ਤੇ ਜਸਟਿਸ ਹਰਨਰੇਸ਼ ਸਿੰਘ ਗਿੱਲ ਨੇ ਇਕ ਜਨਹਿਤ ਪਟੀਸ਼ਨ ਦੀ ਸੁਣਵਾਈ ਪਿੱਛੋਂ ਇਹ ਫ਼ੈਸਲਾ ਸੁਣਾਇਆ, ਜਿਸ ਵਿਚ ਐਚ ਪੀ ਐਸ ਸੀ ਦੇ ਉਸ ਫ਼ੈਸਲੇ ਨੂੰ ਚੁਣੌਤੀ ਦਿਤੀ ਗਈ ਸੀ, ਜਿਸ ਵਿਚ ਸਿੱਖ-ਕਕਾਰ ਪ੍ਰੀਖਿਆ ਕੇਂਦਰ ਵਿੱਚ ਲਿਜਾਣ ਦੀ ਮਨਾਹੀ ਸੀ। ਇਸ ਨੂੰ ਹਾਈ ਕੋਰਟ ਦੇ ਵਕੀਲ ਚਰਨਪਾਲ ਸਿੰਘ ਬਾਗੜੀ ਨੇ ਚੁਣੌਤੀ ਦਿਤੀ ਕਿ ਸਿੱਖ-ਕਕਾਰਾਂ ਵਿਚ ਕੇਸ, ਕੰਘਾ, ਕੜਾ, ਕ੍ਰਿਪਾਨ ਅਤੇ ਕਛਹਿਰਾ ਸ਼ਾਮਲ ਹਨ। ਹਰਿਆਣਾ ਸਰਕਾਰ ਨੇ ਪਹਿਲਾਂ ਅਦਾਲਤ ਨੂੰ ਕਿਹਾ ਕਿ ਕਿਸੇ ਵੀ ਉਮੀਦਵਾਰ ਨਾਲ ਕਿਸੇ ਤਰ੍ਹਾਂ ਦਾ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ ਤੇ ਇਹ ਹੁਕਮ ਸਿਰਫ਼ ਇਸ ਲਈ ਦਿਤੇ ਸਨ ਤਾਂ ਜੋ ਪ੍ਰੀਖਿਆ ਦੌਰਾਨ ਨਕਲ ਦੀਆਂ ਵਾਰਦਾਤਾਂ ਨੂੰ ਠੱਲ੍ਹ ਪੈ ਸਕੇ। ਅਦਾਲਤ ਨੇ ਸਪੱਸ਼ਟ ਕੀਤਾ ਕਿ ਜੇ ਪ੍ਰੀਖਿਆ ਤੋਂ ਇਕ ਘੰਟਾ ਪਹਿਲਾਂ ਨਿਰੀਖਣ ਵੇਲੇ ਸਿੱਖ-ਕਕਾਰਾਂ ਵਿਚ ਕੋਈ ਸ਼ੱਕ ਪਵੇ ਤਾਂ ਉਨ੍ਹਾਂ ਨੂੰ ਪ੍ਰੀਖਿਆ ਕੇਂਦਰ ਲਿਜਾਣ ਤੋਂ ਰੋਕਿਆ ਜਾ ਸਕਦਾ ਹੈ। ਜਿਹੜੇ ਵਿਦਿਆਰਥੀ ਇਮਤਿਹਾਨ ਤੋਂ ਇਕ ਘੰਟਾ ਪਹਿਲਾਂ ਨਹੀਂ ਜਾਂਦੇ, ਉਨ੍ਹਾਂ ਨੂੰ ਵੀ ਕਕਾਰ ਪ੍ਰੀਖਿਆ ਕੇਂਦਰ ਦੇ ਅੰਦਰ ਲਿਜਾਣ ਤੋਂ ਰੋਕਿਆ ਜਾ ਸਕਦਾ ਹੈ।




## ਹਾਰਦਿਕ ਦੀ ਚੋਣ ਲੜਨ ਦੀ ਸੰਭਾਵਨਾ ਨੂੰ ਬਰੇਕ ਲੱਗੀ


### * ਹਾਈ ਕੋਰਟ ਵਲੋਂ ਸਜ਼ਾ ਬਰਕਰਾਰ



ਅਹਿਮਦਾਬਾਦ, 31 ਮਾਰਚ (ਪੋਸਟ ਬਿਊਰੋ)- ਗੁਜਰਾਤ ਦੇ ਪ੍ਰਸਿੱਧ ਪਾਟੀਦਾਰ ਅੰਦੋਲਨ ਦੇ ਆਗੂ ਹਾਰਦਿਕ ਪਟੇਲ ਦੇ ਚੋਣ ਲੜਨ ਦੀਆਂ ਆਸਾਂ ਨੂੰ ਬਰੇਕ ਲੱਗ ਗਈ ਹੈ। ਓਥੋਂ ਦੀ ਹਾਈ ਕੋਰਟ ਨੇ ਹਾਰਦਿਕ ਪਟੇਲ ਨੂੰ 2015 ਦੇ ਦੰਗਿਆਂ ਦੇ ਇੱਕ ਕੇਸ ਵਿੱਚ ਹੋਈ ਸਜ਼ਾ 'ਤੇ ਰੋਕ ਲਾਉਣ ਤੋਂ ਇਨਕਾਰ ਕਰ ਦਿੱਤਾ ਹੈ।
ਵਰਨਣ ਯੋਗ ਹੈ ਕਿ ਗੁਜਰਾਤ ਵਿੱਚ ਚੋਣ ਲੜਨ ਲਈ ਨਾਮਜ਼ਦਗੀਆਂ ਦਾਖਲ ਕਰਨ ਲਈ ਚਾਰ ਅਪਰੈਲ ਆਖਰੀ ਦਿਨ ਹੈ ਅਤੇ ਹਾਰਦਿਕ ਪਟੇਲ ਦੇ ਕੋਲ ਸੁਪਰੀਮ ਕੋਰਟ ਨੂੰ ਪਹੁੰਚ ਕਰਨ ਦਾ ਸਮਾਂ ਬੜਾ ਘੱਟ ਹੈ। ਉਸ ਨੇ 12 ਮਾਰਚ ਨੂੰ ਕਾਂਗਰਸ ਵਿੱਚ ਸ਼ਾਮਲ ਹੋਣ ਤੋਂ ਬਾਅਦ ਜਾਮਨਗਰ ਲੋਕ ਸਭਾ ਹਲਕੇ ਤੋਂ ਚੋਣ ਲੜਨ ਦੀ ਇੱਛਾ ਜ਼ਾਹਿਰ ਕੀਤੀ ਸੀ। ਇਸ ਕੇਸ ਬਾਰੇ ਵਿੱਚ ਪਹਿਲਾਂ ਦੀਆਂ ਸੁਣਵਾਈ ਵੇਲੇ ਗੁਜਰਾਤ ਸਰਕਾਰ ਨੇ ਹਾਰਦਿਕ ਦੀ ਅਰਜ਼ੀ ਦੇ ਵਿਰੋਧ ਵਿੱਚ ਇਹ ਕਿਹਾ ਸੀ ਕਿ ਹਾਰਦਿਕ ਦੇ ਵਿਰੁੱਧ 17 ਮੁਕੱਦਮੇ ਹਨ ਤੇ ਦੋ ਕੇਸ ਦੇਸ਼ ਧ੍ਰੋਹ ਨਾਲ ਸੰਬੰਧਤ ਹਨ। ਹਾਰਦਿਕ ਪਟੇਲ ਦੇ ਵਕੀਲ ਦਾ ਕਹਿਣਾ ਹੈ ਕਿ ਉਹ ਫੈਸਲਾ ਪੜਨ ਪਿੱਛੋਂ ਸੁਪਰੀਮ ਕੋਰਟ ਜਾਣ ਬਾਰੇ ਸੋਚਣਗੇ।
ਇਸ ਕੇਸ ਵਿੱਚ ਜੱਜ ਨੇ ਕਿਹਾ ਹੈ ਕਿ ਸਜ਼ਾ ਉਤੇ ਰੋਕ ਕੁਝ ਵਿਸ਼ੇਸ਼ ਗੱਲਾਂ ਦਾ ਧਿਆਨ ਰੱਖ ਕੇ ਲਾਈ ਜਾ ਸਕਦੀ ਹੈ ਅਤੇ ਹਾਰਦਿਕ ਦਾ ਕੇਸ ਇਸ ਸ਼੍ਰੇਣੀ ਵਿੱਚ ਨਹੀਂ ਆਉਂਦਾ। ਉਨ੍ਹਾਂ ਕਿਹਾ ਕਿ ਹਾਰਦਿਕ ਦਾ ਅਪਰਾਧਕ ਪਿਛੋਕੜ ਵੇਖਦੇ ਹੋਏ ਇਸ ਕੇਸ ਉੱਤੇ ਰੋਕ ਲਾਉਣਾ ਸੰਭਵ ਨਹੀਂ। ਹਾਰਦਿਕ ਪਟੇਲ ਨੂੰ ਪਿਛਲੇ ਸਾਲ ਜੁਲਾਈ ਵਿੱਚ ਮੇਹਸਾਨਾ ਜ਼ਿਲੇ ਦੀ ਅਦਾਲਤ ਨੇ ਦੋ ਸਾਲ ਕੈਦ ਦੀ ਸਜ਼ਾ ਸੁਣਾਈ ਸੀ।

## ਉਹ ਵੀ ਦਿਨ ਸੀ, ਜਦੋਂ ਅਡਵਾਨੀ ਨਾਰਾਜ਼ ਹੋਏ ਤੇ ਮੋਦੀ ਪ੍ਰਧਾਨ ਮੰਤਰੀ ਲਈ ਉਮੀਦਵਾਰ ਬਣੇ ਸੀ

ਨਵੀਂ ਦਿੱਲੀ, 31 ਮਾਰਚ (ਪੋਸਟ ਬਿਊਰੋ)- ਸਾਲ 1999 ਤੋਂ 2004 ਦੇ ਦੌਰਾਨ ਵਾਜਪਾਈ ਸਰਕਾਰ 'ਚ ਉਪ ਪ੍ਰਧਾਨ ਮੰਤਰੀ ਰਹਿ ਚੁੱਕੇ ਭਾਰਤੀ ਜਨਤਾ ਪਾਰਟੀ ਦੇ ਸਭ ਤੋਂ ਸੀਨੀਅਰ ਅਤੇ ਸਭ ਤੋਂ ਬਜ਼ੁਰਗ ਨੇਤਾ ਲਾਲ ਕ੍ਰਿਸ਼ਨ ਅਡਵਾਨੀ 2009 ਵਿੱਚ ਆਪਣੀ ਪਾਰਟੀ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਸਨ ਤੇ ਉਨ੍ਹਾਂ ਨੂੰ ਓਦੋਂ 'ਪੀ ਐੱਮ ਇਨ ਵੇਟਿੰਗ' ਕਿਹਾ ਜਾਣ ਲੱਗ ਪਿਆ ਸੀ, ਪਰ 2009 ਵਿੱਚ ਭਾਜਪਾ ਬੁਰੀ ਤਰ੍ਹਾਂ ਹਾਰ ਗਈ। ਫਿਰ ਸਾਲ 2014 ਦੀਆਂ ਚੋਣਾਂ ਦੌਰਾਨ ਵੇਲੇ 'ਪੀ ਐੱਮ ਇਨ ਵੇਟਿੰਗ' ਉੱਤੇ ਇੱਕ ਵਾਰ ਮੁੜ ਕੇ ਦਾਅ ਲਾਉਣ ਦੀ ਥਾਂ ਭਾਜਪਾ ਨੇ ਨਵਾਂ ਚਿਹਰਾ ਪਰਖਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ। ਇਹ ਕੋਸ਼ਿਸ਼ ਓਦੋਂ ਦੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦੇ ਚਿਹਰੇ ਦੇ ਨਾਂਅ 'ਤੇ ਖਤਮ ਹੋਈ, ਪਰ ਮੋਦੀ ਨੂੰ 2014 ਦੀਆਂ ਚੋਣਾਂ ਦਾ ਚਿਹਰਾ ਬਣਾਉਣਾ ਇੰਨਾ ਸੌਖਾ ਨਹੀਂ ਸੀ।



ਉਸ ਦੌਰਾਨ 23 ਸਤੰਬਰ 2013 ਨੂੰ ਭਾਰਤੀ ਜਨਤਾ ਪਾਰਟੀ ਨੇ ਨਰਿੰਦਰ ਮੋਦੀ ਦੇ ਨਾਂਅ ਉੱਤੇ ਮੋਹਰ ਲਾਉਣ ਦੇ ਨਾਲ ਇਸ ਤੋਂ ਪਹਿਲਾਂ ਚੱਲਦੀਆਂ ਅਟਕਲਾਂ 'ਤੇ ਰੋਕ ਲੱਗ ਗਈ। ਓਦੋਂ ਰਾਜਨਾਥ ਸਿੰਘ ਭਾਜਪਾ ਦੇ ਪ੍ਰਧਾਨ ਮੰਤਰੀ ਸਨ ਤੇ ਪਾਰਟੀ ਦੇ ਪਾਰਲੀਮੈਂਟਰੀ ਬੋਰਡ ਦੀ ਮੀਟਿੰਗ ਵਿੱਚ ਨਰਿੰਦਰ ਮੋਦੀ ਦੇ ਨਾਂਅ ਦਾ ਜਦੋਂ ਫੈਸਲਾ ਹੋਇਆ ਸੀ, ਲਾਲ ਕ੍ਰਿਸ਼ਨ ਅਡਵਾਨੀ ਓਦੋਂ ਨਾਰਾਜ਼ਗੀ ਕਾਰਨ ਇਸ ਮੀਟਿੰਗ ਵਿੱਚ ਨਹੀਂ ਸੀ ਆਏ, ਪਰ ਵਿੱਚ ਸੁਸ਼ਮਾ ਸਵਰਾਜ, ਮੁਰਲੀ ਮਨੋਹਰ ਜੋਸ਼ੀ, ਅਰੁਣ ਜੇਤਲੀ, ਨਿਤਿਨ ਗਡਕਰੀ ਅਤੇ ਰਾਜਨਾਥ ਸਿੰਘ ਸਮੇਤ ਬਾਕੀ ਸਾਰੇ ਵੱਡੇ ਨੇਤਾ ਸ਼ਾਮਲ ਸਨ। ਇਸ ਬੈਠਕ ਦੇ ਨਾਲ ਜੁੜੇ ਘਟਨਾਕ੍ਰਮ ਤੋਂ ਨਾਰਾਜ਼ ਹੋਏ ਲਾਲ ਕ੍ਰਿਸ਼ਨ ਅਡਵਾਨੀ ਨੇ ਓਦੋਂ ਰਾਜਨਾਥ ਦੇ ਨਾਂਅ ਲਿਖੇ ਪੱਤਰ ਵਿੱਚ ਕਿਹਾ ਸੀ, 'ਅੱਜ ਦੁਪਹਿਰੇ ਜਦ ਤੁਸੀਂ ਪਾਰਲੀਮੈਂਟਰੀ ਬੋਰਡ ਦੀ ਮੀਟਿੰਗ ਬਾਰੇ ਸੂਚਨਾ ਦੇਣ ਮੇਰੇ ਘਰ ਆਏ ਤਾਂ ਮੈਂ ਉਸ ਸਮੇਂ ਬਤੌਰ ਪ੍ਰਧਾਨ ਤੁਹਾਡੀ ਕਾਰਜ ਪ੍ਰਣਾਲੀ ਬਾਰੇ ਆਪਣੀਆਂ ਚਿੰਤਾਵਾਂ ਪ੍ਰਤੀ ਜਾਣੂ ਕਰਵਾਇਆ ਸੀ।' ਅਡਵਾਨੀ ਨੇ ਅੱਗੇ ਲਿਖਿਆ, 'ਮੈਂ ਤੁਹਾਨੂੰ ਦੱਸਿਆ ਸੀ ਕਿ ਮੈਂ ਪਾਰਲੀਮੈਂਟਰੀ ਬੋਰਡ ਦੇ ਸਾਹਮਣੇ ਆਪਣੇ ਵਿਚਾਰ ਰੱਖਣ ਜਾਂ ਨਾ ਰੱਖਣ ਬਾਰੇ ਤੁਹਾਨੂੰ ਦੱਸਾਂਗਾ। ਮੈਂ ਫੈਸਲਾ ਕੀਤਾ ਹੈ ਕਿ ਮੈਂ ਪਾਰਲੀਮੈਂਟਰੀ ਬੋਰਡ ਦੀ ਬੈਠਕ ਵਿੱਚ ਹਿੱਸਾ ਨਹੀਂ ਲਵਾਂਗਾ।' ਜਿਸ ਸਮੇਂ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਅਹੁਦੇ ਦੇ ਚਿਹਰੇ ਵਜੋਂ ਪੇਸ਼ ਕੀਤਾ ਜਾ ਰਿਹਾ ਸੀ, ਓਦੋਂ ਅਡਵਾਨੀ ਦਾ ਇਹ ਪੱਤਰ ਸਾਹਮਣੇ ਆਇਆ ਤੇ ਉਨ੍ਹਾਂ ਦੀ ਨਾਰਾਜ਼ਗੀ ਮੀਡੀਆ ਦੀ ਸੁਰਖੀ ਬਣ ਗਈ, ਪਰ ਨਰਿੰਦਰ ਮੋਦੀ ਦੇ ਨਾਂਅ ਦੇ ਐਲਾਨ ਦੇ ਤੁਰੰਤ ਬਾਅਦ ਉਹ ਲਾਲ ਕ੍ਰਿਸ਼ਨ ਅਡਵਾਨੀ ਦੇ ਘਰ ਗਏ ਤੇ ਉਨ੍ਹਾਂ ਦਾ ਅਸ਼ੀਰਵਾਦ ਹਾਸਲ ਕੀਤਾ। ਭਾਜਪਾ ਵੱਲੋਂ ਮੋਦੀ ਦੇ ਨਾਂਅ ਦੇ ਐਲਾਨ ਦਾ ਸਮਰਥਨ ਓਦੋਂ ਅਕਾਲੀ ਦਲ ਤੇ ਸ਼ਿਵ ਸੈਨਾ ਵਰਗੇ ਸਹਿਯੋਗੀਆਂ ਨੇ ਵੀ ਕਰ ਦਿੱਤਾ ਸੀ।

## ਸੈਸ਼ਨ ਕੋਰਟ ਵੱਲੋਂ ਬਾਬਾ ਰਾਮਦੇਵ ਨੂੰ ਨੋਟਿਸ ਜਾਰੀ, ਸੁਣਵਾਈ 9 ਨੂੰ

ਹਿਸਾਰ, 31 ਮਾਰਚ (ਪੋਸਟ ਬਿਊਰੋ)- ਬਾਬਾ ਰਾਮਦੇਵ ਦੇ ਖਿਲਾਫ ਦਲਿਤਾਂ 'ਤੇ ਅਪਮਾਨ ਜਨਕ ਟਿੱਪਣੀ ਦੇ ਇੱਕ ਕੇਸ ਨੂੰ ਹਿਸਾਰ ਦੇ ਐਡੀਸ਼ਨਲ ਸੈਸ਼ਨ ਜੱਜ ਰਾਜਕੁਮਾਰ ਜੈਨ ਦੀ ਅਦਾਲਤ ਤੋਂ ਅਨੁਸੂਚਿਤ ਜਾਤੀ, ਕਬੀਲੇ ਅੱਤਿਆਚਾਰ ਰੋਕੂ ਐਕਟ ਅਧੀਨ ਬਣੀ ਵਿਸ਼ੇਸ਼ ਅਦਾਲਤ ਵਿੱਚ ਭੇਜਣ ਦੀ ਅਰਜ਼ੀ 'ਤੇ ਸੁਣਵਾਈ ਪਿੱਛੋਂ ਜੱਜ ਨੇ ਬਾਬਾ ਰਾਮਦੇਵ ਨੂੰ ਨੋਟਿਸ ਜਾਰੀ ਕਰਕੇ ਆਪਣਾ ਪੱਖ ਰੱਖਣ ਲਈ 9 ਅਪ੍ਰੈਲ ਦੀ ਤਰੀਕ ਤੈਅ ਕੀਤੀ ਹੈ। ਇਸ ਕੇਸ ਨੂੰ ਟਰਾਂਸਫਰ ਕਰਨ ਦੇ ਵਿਰੁੱਧ ਬਾਬਾ ਰਾਮਦੇਵ ਦਾ ਵਕੀਲ ਆਪਣਾ ਜਵਾਬ ਪੇਸ਼ ਕਰਕੇ ਬਹਿਸ ਕਰੇਗਾ।



ਵਰਨਣ ਯੋਗ ਹੈ ਕਿ 29 ਮਾਰਚ ਨੂੰ ਹਿਸਾਰ ਦੇ ਸੈਸ਼ਨ ਜੱਜ ਅਰੁਣ ਕੁਮਾਰ ਸਿੰਘਲ ਦੀ ਅਦਾਲਤ ਵਿੱਚ ਰਾਮਦੇਵ ਦੇ ਖਿਲਾਫ ਚੱਲਦੇ ਅਪਮਾਨ ਜਨਕ ਟਿੱਪਣੀ ਦੇ ਕੇਸ ਨੂੰ ਟਰਾਂਸਫਰ ਕਰਨ ਲਈ ਟਰਾਂਸਫਰ ਪਟੀਸ਼ਨ 'ਤੇ ਸੁਣਵਾਈ ਹੋਈ ਸੀ, ਜਿਸ ਉੱਤੇ ਸ਼ਿਕਾਇਤ ਕਰਤਾ ਦੇ ਵਕੀਲ ਰਜਤ ਕਲਸਨ ਕਰੀਬ ਅੱਧੇ ਘੰਟੇ ਦੇਰੀ ਨਾਲ ਪਹੁੰਚੇ ਸਨ। ਅਦਾਲਤ ਵਿੱਚ ਨਾ ਪਹੁੰਚਣ ਕਾਰਨ ਜੱਜ ਨੇ ਉਨ੍ਹਾਂ ਦੀ ਟਰਾਂਸਫਰ ਪਟੀਸ਼ਨ 'ਡਿਸਮਿਸ ਡਿਫਾਲਟ' ਕਰ ਦਿੱਤਾ ਸੀ। ਇਸ 'ਤੇ ਸ਼ਿਕਾਇਤ ਕਰਤਾ ਨੇ ਡਿਸਮਿਸ ਹੋਈ ਡਿਫਾਲਟ ਟਰਾਂਸਫਰ ਪਟੀਸ਼ਨ ਨੂੰ ਫਿਰ ਚਾਲੂ ਕਰਾਉਣ ਲਈ ਕੱਲ੍ਹ ਨਵੀਂ ਪਟੀਸ਼ਨ ਦਾਇਰ ਕਰ ਦਿੱਤੀ ਸੀ, ਜਿਸ 'ਤੇ ਸੁਣਵਾਈ ਪਿੱਛੋਂ ਨੋਟਿਸ ਜਾਰੀ ਹੋਇਆ ਹੈ।

### ਰਾਜਸਥਾਨ ਚੋਣ ਦ੍ਰਿਸ਼

## ਚੋਣ ਡਿਊਟੀ ਤੋਂ ਭੱਜਣ ਵਾਲਿਆਂ ਦੀ ਨੌਕਰੀ ਵੀ ਖੁੱਸ ਸਕਦੀ ਹੈ



ਜੈਪੁਰ, 31 ਮਾਰਚ (ਪੋਸਟ ਬਿਊਰੋ)- ਰਾਜਸਥਾਨ ਦੇ ਸਰਕਾਰੀ ਮੁਲਾਜ਼ਮਾਂ ਨੂੰ ਇਸ ਵਾਰ ਪਾਰਲੀਮੈਂਟ ਚੋਣ ਮੌਕੇ ਡਿਊਟੀ ਨਾ ਕਰਨ ਲਈ ਝੂਠ ਬੋਲਣਾ ਮਹਿੰਗਾ ਪੈ ਸਕਦਾ ਹੈ। ਜੇ ਕੋਈ ਸਰਕਾਰੀ ਮੁਲਾਜ਼ਮ ਚੋਣ ਡਿਊਟੀ ਤੋਂ ਬਚਣ ਲਈ ਬਿਮਾਰੀ ਦਾ ਬਹਾਨਾ ਬਣਾਵੇ ਅਤੇ ਮੈਡੀਕਲ ਬੋਰਡ ਤੋਂ ਜਾਂਚ 'ਚ ਫਿਟ ਪਾਇਆ ਜਾਵੇ ਤਾਂ ਉਸ ਉੱਤੇ ਚੋਣ ਵਿਭਾਗ ਬੜੀ ਸਖਤ ਕਾਰਵਾਈ ਕਰੇਗਾ ਅਤੇ ਉਸ ਦੀ ਨੌਕਰੀ ਵੀ ਖੋਹੀ ਜਾ ਸਕਦੀ ਹੈ।
ਵਰਨਣ ਯੋਗ ਹੈ ਕਿ ਪਾਰਲੀਮੈਂਟ ਚੋਣਾਂ ਦੀ ਤਰੀਕ ਦਾ ਐਲਾਨ ਹੋਣ ਦੇ ਬਾਅਦ ਡਿਊਟੀ ਤੋਂ ਬਚਣ ਲਈ ਵੱਡੀ ਗਿਣਤੀ ਵਿੱਚ ਅਰਜ਼ੀਆਂ ਮਿਲ ਰਹੀਆਂ ਹਨ। ਇਸ ਦੇ ਬਾਅਦ ਚੋਣ ਵਿਭਾਗ ਨੂੰ ਛੁੱਟੀ ਦੀਆਂ ਅਰਜ਼ੀ ਮਿਲਣ ਦੇ ਬਾਅਦ ਸੂਬੇ ਦੇ ਦੋ ਜ਼ਿਲਾ ਕੁਲੈਕਟਰਾਂ ਨੇ ਇਹ ਅਰਜ਼ੀਆਂ ਸੰਬੰਧਤ ਵਿਭਾਗ ਦੇ ਮੁਖੀ ਰਾਹੀਂ ਭੇਜਣ ਦਾ ਨਿਰਦੇਸ਼ ਦਿੱਤਾ ਹੈ, ਜਿਸ ਨਾਲ ਸਬੰਧਤ ਵਿਭਾਗ ਦੀ ਟਿੱਪਣੀ ਵੀ ਜੁੜੀ ਹੋਈ ਹੋਣੀ ਚਾਹੀਦੀ ਹੈ। ਪਤਾ ਲੱਗਾ ਹੈ ਕਿ ਜ਼ਿਲਾ ਕੁਲੈਕਟਰਾਂ ਨੇ ਮੁਲਾਜ਼ਮਾਂ ਨੂੰ ਨਿਰਦੇਸ਼ ਦਿੱਤਾ ਹੈ ਕਿ ਬਿਮਾਰੀ ਦੇ ਨਾਲ ਪਿਛਲੇ ਛੇ ਮਹੀਨੇ 'ਚ ਲਈ ਗਈ ਮੈਡੀਕਲ ਛੁੱਟੀ ਦਾ ਵੇਰਵਾ ਦਿੱਤਾ ਜਾਵੇ ਅਤੇ ਜੇ ਮੈਡੀਕਲ ਜਾਂਚ ਵਿੱਚ ਗੰਭੀਰ ਬਿਮਾਰੀ ਦਾ ਹਵਾਲਾ ਦੇਣ ਵਾਲੇ ਵਿਅਕਤੀ ਅਸਲ ਵਿੱਚ ਫਿਟ ਮਿਲੇ ਤਾਂ ਫਿਰ ਉਨ੍ਹਾਂ ਨੂੰ ਗੰਭੀਰ ਨਤੀਜਾ ਭੁਗਤਣਾ ਪਵੇਗਾ। ਰਾਜਸਤਾਂਨ ਦੇ ਦੋ ਜ਼ਿਲਿਆਂ ਝੁਨਝੁਨੂੰ ਅਤੇ ਅਜਮੇਰ ਦੇ ਚੋਣ ਅਧਿਕਾਰੀਆਂ ਵੱਲੋਂ ਜਾਰੀ ਹੁਕਮ ਵਿੱਚ ਲੰਮੇ ਸਮੇਂ ਤੋਂ ਸਿਹਤ ਕਾਰਨਾਂ ਕਰਕੇ ਕੰਮ ਕਰਨ ਵਿੱਚ ਤੰਗੀ ਮਹਿਸੂਸ ਕਰਦੇ ਮੁਲਾਜ਼ਮਾਂ ਦੀ ਜ਼ਰੂਰੀ ਸੇਵਾ-ਮੁਕਤੀ ਦੀ ਕਾਰਵਾਈ ਕਰਨ ਦੀ ਗੱਲ ਕਹੀ ਜਾ ਰਹੀ ਹੈ।

### ਗੁਰੂਗ੍ਰਾਮ ਘਟਨਾ:

## ਪੁਲਸ ਸੁਰੱਖਿਆ ਦੇਵੇ, ਘਰ ਛੱਡ ਕੇ ਨਹੀਂ ਜਾਵਾਂਗੇ: ਪੀੜ੍ਹਤ ਪਰਿਵਾਰ

ਗੁਰੂਗ੍ਰਾਮ, 31 ਮਾਰਚ (ਪੋਸਟ ਬਿਊਰੋ)- 21 ਮਾਰਚ ਹੋਲੀ ਵਾਲੇ ਦਿਨ ਕ੍ਰਿਕਟ ਮੈਚ ਹੋਏ ਝਗੜੇ ਪਿੱਛੋਂ 20-25 ਲੋਕਾਂ ਦੀ ਭੀੜ ਨੇ ਗੁਰੂਗ੍ਰਾਮ ਵਿੱਚ ਰਹਿੰਦੇ ਇਕ ਮੁਸਲਿਮ ਪਰਿਵਾਰ ਨਾਲ ਕੁੱਟਮਾਰ ਕੀਤੀ ਸੀ। ਇਸ ਘਟਨਾ ਤੋਂ ਬਾਅਦ ਡਰੇ ਹੋਏ ਇਸ ਪਰਿਵਾਰ ਨੇ ਸੁਰੱਖਿਅਤ ਰਹਿਣ ਲਈ ਸ਼ਹਿਰ ਛੱਡ ਕੇ ਜਾਣ ਦੀ ਗੱਲ ਕਹੀ ਸੀ। ਇਸ ਵੇਲੇ ਪਰਿਵਾਰ ਨੇ ਇਸ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਹੈ ਕਿ ਉਹ ਇਹ ਸ਼ਹਿਰ ਛੱਡ ਕੇ ਨਹੀਂ ਜਾਣਾ ਚਾਹੁੰਦੇ ਪਰ ਉਨ੍ਹਾਂ ਨੇ ਆਪਣੇ ਲਈ ਪੁਲਸ ਤੋਂ ਵਧ ਸੁਰੱਖਿਆ ਦੀ ਮੰਗ ਕੀਤੀ ਹੈ।
ਪੀੜਤ ਪਰਿਵਾਰ ਦੇ ਰਿਸ਼ਤੇਦਾਰ ਦਿੱਲੀ, ਗਾਜ਼ੀਆਬਾਦ, ਬਾਗਪਤ ਅਤੇ ਕਈ ਦੂਜੇ ਸ਼ਹਿਰਾਂ ਤੋਂ ਗੁਰੂਗ੍ਰਾਮ ਪਹੁੰਚ ਗਏ ਹਨ। ਘਟਨਾ ਤੋਂ ਡਰੇ ਹੋਏ ਪਰਿਵਾਰ ਨੂੰ ਹੌਸਲਾ ਦੇਣ ਲਈ ਆਏ ਰਿਸ਼ਤੇਦਾਰਾਂ ਨੇ ਉਨ੍ਹਾਂ ਨੂੰ ਆਪਣੇ ਨਾਲ ਚੱਲਣ ਨੂੰ ਕਿਹਾ ਹੈ, ਤਾਂ ਕਿ ਮਾਹੌਲ ਆਮ ਹੋਣ ਤਕ ਉੱਤੇ ਰਹਿ ਸਕਣ। ਇਸ ਦੌਰਾਨ ਪੁਲਸ ਨੇ ਘਟਨਾ ਦੇ 2 ਹੋਰ ਦੋਸ਼ੀਆਂ ਨੂੰ ਵੀ ਗ੍ਰਿਫਤਾਰ ਕਰ ਲਿਆ ਹੈ। ਲੇਖਨ ਅਤੇ ਸੰਦੀਪ ਨਾਂ ਦੇ ਦੋਵੇਂ ਦੋਸ਼ੀ ਅਜੇ 20 ਸਾਲ ਦੀ ਉਮਰ ਦੇ ਹਨ ਅਤੇ ਦੋਵੇਂ ਨਯਾਗਾਂਵ ਦੇ ਰਹਿਣ ਵਾਲੇ ਹਨ। ਪੁਲਸ ਨੇ ਇਸ ਘਟਨਾ ਵਿਚ ਕੁੱਲ 13 ਲੋਕਾਂ ਨੂੰ ਹਿਰਾਸਤ ਕੀਤਾ ਹੈ। ਸੀਨੀਅਰ ਪੁਲਸ ਅਧਿਕਾਰੀ ਨੇ ਦੱਸਿਆ ਕਿ ਸਾਰੇ ਦੋਸ਼ੀਆਂ ਨੂੰ ਨਿਆਇਕ ਹਿਰਾਸਤ ਵਿਚ ਭੇਜਿਆ ਗਿਆ ਹੈ।
ਦੋ ਦਿਨ ਪਹਿਲਾਂ ਪਹਿਲਾਂ ਪੁਲਸ ਨੇ ਇਸ ਕੇਸ ਵਿਚ ਮੁਸਲਿਮ ਪਰਿਵਾਰ ਦੇ ਦੋ ਮੈਂਬਰਾਂ ਉੱਤੇ ਵੀ ਕ੍ਰਾਸ ਕੇਸ ਦਰਜ ਕੀਤਾ ਹੈ। ਮੁਹੰਮਦ ਆਮਿਰ ਅਤੇ ਮੁਹੰਮਦ ਆਬਿਦ ਉੱਤੇ ਲੜਾਈ ਦੀ ਸ਼ੁਰੂਆਤ ਅਤੇ ਰਾਜਕੁਮਾਰ ਦੀ ਕੁੱਟਮਾਰ ਦੇ ਦੋਸ਼ ਵਿਚ ਕੇਸ ਦਰਜ ਕੀਤਾ ਗਿਆ ਹੈ। ਅਜੇ ਤਕ ਕਿਸੇ ਜੀਅ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ। ਮੁਹੰਮਦ ਦਿਲਸ਼ਾਦ ਨੇ ਘਰ ਛੱਡ ਕੇ ਜਾਣ ਦੀ ਗੱਲ ਉੱਤੇ ਕਿਹਾ ਕਿ ਅਸੀਂ ਖੂਨ-ਪਸੀਨੇ ਦੀ ਕਮਾਈ ਨਾਲ ਬਣਾਇਆ ਘਰ ਛੱਡ ਕੇ ਕਿਤੇ ਨਹੀਂ ਜਾਣ ਵਾਲੇ। ਦਿਲਸ਼ਾਦ ਨੇ ਕਿਹਾ ਕਿ ਉਹ ਪਿਛਲੇ 3 ਸਾਲ ਤੋਂ ਆਪਣੀ ਪਤਨੀ ਤੇ 6 ਬੱਚਿਆਂ ਨਾਲ ਇੱਥੇ ਰਹਿ ਰਹੇ ਹਨ।

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed


Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472
■ 1st & 2nd Mortgages
■ Refinancing & Renewal
■ Line of Credit
■ Debt Consolidation
■ Self Employed
■ Truck Loan
■ Equipment Leasing
■ Bad Credit
5 CHERRYCREST DR. #206 BRAMPTON L6P 3W4

NEED A LAWYER ??
Red Seal NOTARY
KAUR LAW OFFICE

MANJEET KAUR
LL.B., (London UK)
Barrister, Solicitor & Notary Public
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application
FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits
WILLS & ESTATE
- Wills
- Certificate of Estate Trustee with/without Will
- Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

UPPAL LAW
FREE CONSULTATION !

Avtar Uppal
Manager


Aman Uppal
BARRISTER, SOLICITOR
IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)
OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)
Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

# ਬ੍ਰੈਸਟ ਕੈਂਸਰ ਦੇ ਖਿਲਾਫ ਅਖਰੋਟ ਮਦਦਗਾਰ ਹੋ ਸਕਦੈ

ਵਾਸ਼ਿੰਗਟਨ, 31 ਮਾਰਚ (ਪੋਸਟ ਬਿਊਰੋ)- ਸਿਹਤ ਲਈ ਫਾਇਦੇਮੰਦ ਮੰਨਿਆ ਜਾਂਦਾ ਅਖਰੋਟ ਬ੍ਰੈਸਟ ਕੈਂਸਰ ਨੂੰ ਵਧਣ ਤੋਂ ਰੋਕਣ ਅਤੇ ਇਸ ਤੋਂ ਬਚਣ ਵਿੱਚ ਮਦਦਗਾਰ ਸਾਬਿਤ ਹੋ ਸਕਦਾ ਹੈ।

ਨਿਊਟ੍ਰੀਸ਼ਨ ਰਿਸਰਚ ਰਸਾਲੇ ਵਿੱਚ ਛਪੇ ਇੱਕ ਅਧਿਐਨ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਅਧਿਐਨ ਤੋਂ ਪਤਾ ਲੱਗਾ ਹੈ ਕਿ ਜੇ ਕਿਸੇ ਵਿੱਚ ਬ੍ਰੈਸਟ ਕੈਂਸਰ ਦੀ ਪੁਸ਼ਟੀ ਹੈ ਤਾਂ ਲਗਭਗ ਦੋ ਹਫਤੇ ਤੱਕ ਹਰ ਰੋਜ਼ ਐੱਸ ਅਖਰੋਟ ਖਾਣ ਨਾਲ ਉਸ ਦੇ ਜੀਨ ਵਿਹਾਰ ਵਿੱਚ ਜ਼ਿਕਰ ਯੋਗ ਬਦਲਾਅ ਆ ਸਕਦਾ ਹੈ। ਅਮਰੀਕਾ 'ਚ ਮਾਰਸ਼ਲ ਯੂਨੀਵਰਸਿਟੀ ਤੋਂ ਡਬਲਯੂ ਏਲੇਨ ਹਾਰਡਮੈਨ ਨੇ ਦੱਸਿਆ ਕਿ ਚੂਹੇ 'ਤੇ ਕੀਤੇ ਗਏ ਪ੍ਰਯੋਗ ਵਿੱਚ ਪਾਇਆ ਗਿਆ ਹੈ ਕਿ ਅਖਰੋਟ ਦੇ ਸੇਵਨ ਨੇ ਬ੍ਰੈਸਟ ਕੈਂਸਰ ਦੇ ਵਧਣ ਦੀ ਚਾਲ ਮੱਠੀ ਹੋਈ ਅਤੇ ਇਸ ਦਾ ਖਤਰਾ ਵੀ ਘੱਟ ਹੋਇਆ। ਹਾਰਡਮੈਨ ਨੇ ਕਿਹਾ ਕਿਇਸ ਖੋਜ ਦੇ ਆਧਾਰ 'ਤੇ ਸਾਡੀ ਟੀਮ ਨੇ ਅੰਦਾਜ਼ਾ ਲਾਇਆ ਕਿ ਜੇ ਕਿਸੇ ਔਰਤ 'ਚ ਬ੍ਰੈਸਟ ਕੈਂਸਰ ਦੀ ਪੁਸ਼ਟੀ ਹੁੰਦੀ ਹੈ ਤਾਂ ਅਖਰੋਟ ਦੇ ਸੇਵਨ ਨਾਲ ਉਸ ਦੇ ਜੀਨ ਵਿਹਾਰ 'ਚ ਬਦਲਾਅ ਆਏਗਾ। ਇਸ ਬਦਲਾਅ ਨਾਲ ਔਰਤ 'ਚ ਬ੍ਰੈਸਟ ਕੈਂਸਰ ਫੈਲਣ ਦੀ ਚਾਲ ਮੱਠੀ ਹੋਵੇਗੀ ਅਤੇ ਬੀਮਾਰੀ ਤੋਂ ਉਭਰਨ 'ਚ ਮਦਦ ਮਿਲੇਗੀ।

ਪਹਿਲੇ ਪ੍ਰੀਖਣ 'ਚ ਬ੍ਰੈਸਟ ਕੈਂਸਰ ਨਾਲ ਪੀੜਤ ਕੁਝ ਔਰਤਾਂ ਨੂੰ ਰੋਜ਼ ਦੋ ਔਂਸ ਅਖਰੋਟ ਖਵਾਏ ਗਏ ਤੇ ਪਾਇਆ ਗਿਆ ਕਿ ਅਖਰੋਟ ਖਾਣ ਨਾਲ ਉਨ੍ਹਾਂ ਦਾ ਜੀਨ ਵਿਹਾਰ ਬਦਲਿਆ ਹੈ। ਹਾਰਡਮੈਨ ਨੇ ਕਿਹਾ ਕਿ ਇਨ੍ਹਾਂ ਨਤੀਜਿਆਂ ਨਾਲ ਇਸ ਗੱਲ ਨੂੰ ਜ਼ੋਰ ਮਿਲਦਾ ਹੈ ਕਿ ਮਨੁੱਖਾਂ ਵਿੱਚ ਅਖਰੋਟ ਦਾ ਸੇਵਨ ਕੈਂਸਰ ਵਧਣ ਦੀ ਚਾਲ ਨੂੰ ਮੱਠੀ ਕਰ ਸਕਦਾ ਹੈ।

# ਪੋਪ ਫਰਾਂਸਿਸ ਨੇ ਯੌਨ ਸ਼ੋਸ਼ਣ ਖਿਲਾਫ ਵੈਟੀਕਨ ਦਾ ਸਖਤ ਕਾਨੂੰਨ ਬਣਾਇਆ

ਰੋਮ, 31 ਮਾਰਚ (ਪੋਸਟ ਬਿਊਰੋ)- ਪੋਪ ਫਰਾਂਸਿਸ ਨੇ ਨਾਬਾਲਗਾਂ ਨਾਲ ਹੋ ਰਹੇ ਯੌਨ ਸ਼ੋਸ਼ਣ ਦੇ ਖਿਲਾਫ ਸਖਤ ਕਾਨੂੰਨ ਬਣਾਇਆ ਹੈ। ਉਨ੍ਹਾਂ ਦਾ ਇਹ ਨਵਾਂ ਕਾਨੂੰਨ ਚਰਚਾਂ ਦੇ ਅੰਦਰ ਹੋ ਰਹੇ ਯੌਨ ਸ਼ੋਸ਼ਣ 'ਤੇ ਰੋਕ ਲਾਉਣ ਲਈ ਵੱਡਾ ਫੈਸਲਾ ਹੈ। ਪੋਪ ਦੇ ਦਸਖਤ ਨਾਲ ਨਵਾਂ ਕਾਨੂੰਨ 100 ਏਕੜ ਵਿੱਚ ਫੈਲੀ ਵੈਟੀਕਨ ਸਿਟੀ, ਕੈਥੋਲਿਕ ਚਰਚ ਦੇ ਅਹੁਦੇਦਾਰਾਂ, ਰੋਮ ਦੇ ਨੌਕਰਸ਼ਾਹਾਂ 'ਤੇ ਵੀ ਲਾਗੂ ਹੋਵੇਗਾ।



ਵੈਟੀਕਨ ਦੀ ਐਡੀਟੋਰੀਅਲ ਡਾਇਰੈਕਟਰ ਅੰਦ੍ਰਿਯਾ ਟੋਰਨੀਲੀ ਨੇ ਲਿਖਿਆ ਕਿ ਕੈਥੋਲਿਕ ਚਰਚ ਵੱਲੋਂ ਬਣਾਇਆ ਗਿਆ ਇਹ ਨਵਾਂ ਕਾਨੂੰਨ ਚਰਚਾਂ ਦੇ ਅੰਦਰ ਯੌਨ ਸ਼ੋਸ਼ਣ ਰੋਕਣ 'ਚ ਕਾਰਗਰ ਸਾਬਤ ਹੋਵੇਗਾ। ਸਖਤ ਕਾਨੂੰਨ ਹੋਣ ਨਾਲ ਅਜਿਹੇ ਬਿਸ਼ਪ, ਜੋ ਯੌਨ ਸ਼ੋਸ਼ਣ ਦੇ ਅਪਰਾਧੀ ਹਨ ਜਾਂ ਚਰਚ ਵਿੱਚ ਹੁੰਦੇ ਅਜਿਹੇ ਜੁਰਮਾਂ 'ਤੇ ਪਰਦਾ ਪਾ ਰਹੇ ਹਨ, ਉਨ੍ਹਾਂ ਉੱਤੇ ਵੀ ਲਗਾਮ ਕੱਸੀ ਜਾਵੇਗੀ। ਜੇ ਚਰਚ ਨਾਲ ਜੁੜੇ ਅਧਿਕਾਰੀ ਕਿਸੇ ਯੌਨ ਸ਼ੋਸ਼ਣ ਦੇ ਮਾਮਲੇ ਨੂੰ ਦਬਾਉਣ ਦੀ ਕੋਸ਼ਿਸ਼ ਕਰਦੇ ਹਨ ਤੇ ਮਾਮਲੇ ਦੀ ਸੂਚਨਾ ਪੁਲਸ ਨੂੰ ਨਹੀਂ ਦਿੰਦੇ ਤਾਂ ਉਨ੍ਹਾਂ ਨੂੰ 5000 ਯੂਰੋ ਜੁਰਮਾਨਾ ਦੇਣਾ ਹੋਵੇਗਾ ਤੇ ਇਸ ਤੋਂ ਇਲਾਵਾ ਚਰਚ ਤੋਂ ਆਪਣੇ ਅਹੁਦੇ ਤੋਂ ਵੀ ਹੱਥ ਧੋਣਾ ਪੈ ਸਕਦਾ ਹੈ।

ਨਵੇਂ ਕਾਨੂੰਨ ਹੇਠ ਜੇ ਚਰਚ ਵਿੱਚ ਯੌਨ ਸ਼ੋਸ਼ਣ ਦਾ ਕੋਈ ਮਾਮਲਾ ਸਾਹਮਣੇ ਆਵੇਗਾ ਤਾਂ ਚਰਚ ਦੇ ਅਧਿਕਾਰੀਆਂ ਨੂੰ ਤੁਰੰਤ ਪੁਲਸ ਨੂੰ ਇਸ ਦੀ ਸ਼ਿਕਾਇਤ ਦੇਣੀ ਹੋਵੇਗੀ। 2014 ਤੋਂ ਪਹਿਲਾਂ ਚਰਚ ਅੰਦਰ ਹੋ ਰਹੇ ਯੌਨ ਸ਼ੋਸ਼ਣ ਦੇ ਕਈ ਕੇਸ ਦਬਾ ਲਏ ਜਾਂਦੇ ਸਨ, ਪਰ 2014 ਵਿੱਚ ਇਟਲੀ ਵਿੱਚ ਹੋਏ ਸੈਮੀਨਾਰ 'ਚ ਬਿਸ਼ਪਾਂ ਨੇ ਇਸ ਹੱਕ ਵਿੱਚ ਵੋਟ ਕੀਤੇ ਸਨ ਕਿ ਚਰਚ ਅੰਦਰ ਜੇ ਕੋਈ ਵੀ ਯੌਨ ਸ਼ੋਸ਼ਣ ਨਾਲ ਜੁੜਿਆ ਕੇਸ ਪਤਾ ਲੱਗੇ ਹੈ ਤਾਂ ਸੂਚਨਾ ਪੁਲਸ ਨੂੰ ਦਿੱਤੀ ਜਾਵੇ।

ਪਿਛਲੇ ਕਈ ਸਾਲਾਂ ਵਿੱਚ ਯੂ ਐਸ ਵਿੱਚ ਚਰਚ ਦੇ ਕਰਮਚਾਰੀਆਂ ਤੇ ਅਧਿਕਾਰੀਆਂ ਵੱਲੋਂ ਕੀਤੇ ਗਏ ਯੌਨ ਸ਼ੋਸ਼ਣ ਦੇ ਕਈ ਕੇਸ ਸਾਹਮਣੇ ਆਏ ਹਨ। 2015 ਵਿੱਚ ਨਾਬਾਲਗਾਂ ਨਾਲ ਯੌਨ ਸ਼ੋਸ਼ਣ ਦੇ ਮਾਮਲੇ ਦੇ ਦੋਸ਼ੀ ਆਰਚੀਬਿਸ਼ਫ ਜੋਜ਼ਫ ਦੀ ਹਾਰਟ ਅਟੈਕ ਨਾਲ ਮੌਤ ਹੋ ਗਈ ਸੀ। ਜੋਜ਼ਫ 'ਤੇ ਨਾਬਾਲਗਾਂ ਦੀ ਪੋਰਨੋਗਰਾਫੀ ਕਰਨ ਦਾ ਵੀ ਦੋਸ਼ ਸੀ। ਦੂਜੇ ਮਾਮਲੇ ਵਿੱਚ ਵੈਟੀਕਨ ਦੇ ਯੂ ਐੱਸ ਦੇ ਸਾਬਕਾ ਰਾਜਨਾਇਕ ਕਾਰਲੋ ਅਲਬਰਟੋ ਕੈਪੇਲਾ ਨੇ ਨਾਬਾਲਗਾਂ ਦੀ ਪੋਰਨੋਗਰਾਫੀ ਕਰਨ ਦੇ ਦੋਸ਼ ਨੂੰ ਸਵੀਕਾਰ ਕੀਤਾ ਸੀ ਤੇ ਇਸ ਲਈ ਉਨ੍ਹਾਂ ਨੂੰ ਪੰਜ ਸਾਲ ਦੀ ਜੇਲ੍ਹ ਹੋਈ ਸੀ। ਇਹ ਵੈਟੀਕਨ ਵਿੱਚ ਆਪਣੀ ਤਰ੍ਹਾਂ ਦਾ ਪਹਿਲਾ ਕੇਸ ਸੀ। ਇੱਕ ਹੋਰ ਮਾਮਲੇ ਵਿੱਚ ਵਾਸ਼ਿੰਗਟਨ ਦੇ ਸਾਬਕਾ ਆਰਚੀਬਿਸ਼ਪ ਥਿਯੋਡੋਰ ਮੈਕਾਰਕ ਅਜਿਹੇ ਪਹਿਲੇ ਕਾਰਡੀਨਲ ਸਨ, ਜਿਨ੍ਹਾਂ ਖਿਲਾਫ ਯੌਨ ਸ਼ੋਸ਼ਣ ਦੇ ਦੋਸ਼ ਸਾਬਤ ਹੋਣ ਪਿੱਛੋਂ ਉਨ੍ਹਾਂ ਚਰਚ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ ਤੇ ਉਨ੍ਹਾਂ ਦੇ ਸਾਰੇ ਅਧਿਕਾਰਾਂ ਨੂੰ ਵੀ ਖੋਹ ਲਿਆ ਗਿਆ ਸੀ।

ਭਾਰਤ ਵਿੱਚ ਵੀ ਚਰਚ ਅੰਦਰ ਯੌਨ ਸ਼ੋਸ਼ਣ ਦੇ ਕਈ ਕੇਸ ਹੋਏ ਤੇ ਕੁਝ ਦਬਾ ਲਏ ਜਾਂਦੇ ਰਹੇ ਸਨ। ਪਿਛਲੇ ਸਾਲ ਜਲੰਧਰ ਦੇ ਬਿਸ਼ਪ ਫਰੈਂਕੋ ਮੁਲੱਕਲ 'ਤੇ ਇੱਕ ਨੰਨ ਨੇ ਬਲਾਤਕਾਰ ਦੇ ਦੋਸ਼ ਲਾਏ ਸਨ, ਜਿਸ ਪਿੱਛੋਂ ਪੁਲਸ ਨੇ ਬਿਸ਼ਪ ਨੂੰ ਗ੍ਰਿਫਤਾਰ ਵੀ ਕੀਤਾ ਸੀ। ਇਹ ਕੇਸ ਪੂਰੇ ਭਾਰਤ ਵਿੱਚ ਭਖਿਆ ਰਿਹਾ। ਮੁਲਜ਼ਮ ਫਰੈਂਕੋ ਨੇ ਖੁਦ ਹੀ ਆਪਣਾ ਅਹੁਦਾ ਛੱਡ ਦਿੱਤਾ ਸੀ। ਸਾਰਾ ਮਾਮਲਾ ਪੋਪ ਫਰਾਂਸਿਸ ਦੇ ਧਿਆਨ ਵਿੱਚ ਹੈ। ਪੀੜਤ ਨਨ ਕਈ ਵਾਰ ਇਨਸਾਫ ਦੀ ਗੁਹਾਰ ਲਈ ਪੋਪ ਫਰਾਂਸਿਸ ਨੂੰ ਪੱਤਰ ਲਿਖ ਚੁੱਕੀ ਹੈ। ਮੁਲਜ਼ਮ ਫ੍ਰੈਂਕੋ ਇਸ ਸਮੇਂ ਜ਼ਮਾਨਤ 'ਚੇ ਚੱਲ ਰਿਹਾ ਹੈ।

# ਅਸੀਂ ਸੀ ਪੀ ਈ ਸੀ ਰਾਹੀਂ ਪਾਕਿ ਨੂੰ ਕਰਜ਼ੇ ਹੇਠ ਨਹੀਂ ਦਬਾ ਰਹੇ: ਚੀਨ

ਬੀਜਿੰਗ, 31 ਮਾਰਚ (ਪੋਸਟ ਬਿਊਰੋ)- ਚੀਨ ਸਰਕਾਰ ਨੇ ਕਿਹਾ ਹੈ ਕਿ ਉਹ ਆਪਣੇ ਨਵੇਂ ਸਿਲਕ ਰੋਡ ਪ੍ਰਾਜੈਕਟ ਰਾਹੀਂ ਕਿਸੇ ਭਾਈਵਾਲ ਦੇਸ਼ 'ਤੇ ਜਬਰੀ ਕਰਜ਼ਾ ਨਹੀਂ ਲੱਦ ਰਿਹਾ। ਉਸ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੇ ਦੋਸ਼ ਲਗਾਉਣ ਵਾਲੇ ਆਲੋਚਕ ਇੱਕ ਸਾਜ਼ਿਸ਼ ਹੇਠ ਦੋਸ਼ ਲਾ ਰਹੇ ਹਨ।

ਚੀਨ ਦੇ ਇਕ ਸੀਨੀਅਰ ਡਿਪਲੋਮੈਟ ਦੇ ਦੱਸਣ ਮੁਤਾਬਕ ਨਵੇਂ ਸਿਲਕ ਰੋਡ ਪ੍ਰਾਜੈਕਟ ਨੂੰ ਚੀਨ ਦੇ ਰਾਸ਼ਟਰਪਤੀ ਸ਼ੀ



ਜਿਨਪਿੰਗ ਦਾ ਵੱਡ ਖਾਹਿਸ਼ੀ ਪ੍ਰਾਜੈਕਟ ਮੰਨਿਆ ਜਾਂਦਾ ਹੈ। ਇਸ ਨਾਲ ਮੁੱਢਲੇ ਢਾਂਚੇ 'ਤੇ ਬਹੁਤ ਵੱਡੇ ਖਰਚ ਨਾਲ ਚੀਨ ਨੂੰ ਏਸ਼ੀਆ, ਯੂਰਪ ਅਤੇ ਹੋਰ ਦੇਸ਼ਾਂ ਨਾਲ ਜੋੜਨ ਵਾਲਾ ਸਿਲਕ ਰੋਡ ਦੀ ਮੁੜ ਉਸਾਰੀ ਹੋਣੀ ਹੈ। ਚੀਨ ਦੇ ਇਸ ਪ੍ਰਾਜੈਕਟ ਦਾ ਭਾਰਤ ਅਤੇ ਕਈ ਪੱਛਮੀ ਦੇਸ਼ਾਂ ਵੱਲੋਂ ਵਿਰੋਧ ਕੀਤਾ ਗਿਆ ਹੈ। ਅਮਰੀਕਾ ਇਸ ਕਦਮ ਨੂੰ ਹੋਰਨਾਂ ਦੇਸ਼ਾਂ ਵਿੱਚ ਆਪਣੀ ਪਕੜ ਬਣਾਉਣ ਦੀ ਚੀਨ ਦੀ ਕੋਸ਼ਿਸ਼ ਮੰਨਦਾ ਹੈ। ਉਸ ਦਾ ਇਹ ਵੀ ਦੋਸ਼ ਹੈ ਕਿ ਪ੍ਰਾਜੈਕਟ ਬਹਾਨੇ ਚੀਨ ਵੱਖ-ਵੱਖ ਛੋਟੇ ਦੇਸ਼ਾਂ ਨੂੰ ਭਾਰੀ ਕਰਜ਼ੇ ਹੇਠ ਦਬਾ ਰਿਹਾ ਹੈ। ਪਿੱਛੇ ਜਿਹੇ ਇਟਲੀ ਵੱਲੋਂ ਇਸ ਪ੍ਰਾਜੈਕਟ ਲਈ ਸਹਿਮਤੀ ਪ੍ਰਗਟਾਉਣ ਦੀ ਵੀ ਅਮਰੀਕਾ ਨੇ ਆਲੋਚਨਾ ਕੀਤੀ ਹੈ। ਚੀਨ ਦੀ ਕਮਿਊਨਿਸਟ ਪਾਰਟੀ ਦੇ ਵਿਦੇਸ਼ ਮਾਮਲਿਆਂ ਬਾਰੇ ਕਮੇਟੀ ਦੇ ਕਨਵੀਨਰ ਯਾਂਗ ਜੀਚੀ ਨੇ ਕਿਹਾ ਕਿ ਕੁਝ ਦੇਸ਼ ਇਸ ਪ੍ਰਾਜੈਕਟ ਨੂੰ ਜ਼ਮੀਨੀ ਰਾਜਨੀਤਕ ਹਥਿਆਰ ਵਜੋਂ ਵੇਖਦੇ ਹਨ। ਉਨ੍ਹਾਂ ਦੀ ਰਾਏ ਹੈ ਕਿ ਇਹ ਸਹਿਯੋਗੀ ਦੇਸ਼ਾਂ ਨੂੰ ਕਰਜ਼ੇ ਦੇ ਜਾਲ ਵਿੱਚ ਫਸਾਉਣ ਦਾ ਤਰੀਕਾ ਹੈ। ਉਨ੍ਹਾਂ ਕਿਹਾ ਕਿ ਇਹ ਦੋਸ਼ ਨਿਸ਼ਚਿਤ ਤੌਰ 'ਤੇ ਵਿਖਾਉਂਦੇ ਹਨ ਕਿ ਇਨ੍ਹਾਂ ਦੇਸ਼ਾਂ ਨੂੰ ਪ੍ਰਾਜੈਕਟ ਦੀ ਸਮਝ ਨਹੀਂ, ਇਹ ਨਾਸਮਝੀ ਅਤੇ ਪਹਿਲੇ ਤੋਂ ਮਿਥੀ ਸੋਚ ਹੈ।

ਯਾਂਗ ਸਾਬਕਾ ਵਿਦੇਸ਼ ਮੰਤਰੀ ਹਨ ਅਤੇ ਅਮਰੀਕਾ ਵਿੱਚ ਰਾਜਦੂਤ ਵਜੋਂ ਕੰਮ ਕਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਬੈਲਟ ਐਂਡ ਰੋਡ ਪ੍ਰਾਜੈਕਟ ਸਾਰਿਆਂ ਲਈ ਖੁੱਲ੍ਹਾ ਅਤੇ ਪਾਰਦਰਸ਼ੀ ਹੈ। ਇਹ ਕਿਸੇ ਤਰ੍ਹਾਂ ਦਾ ਜ਼ਮੀਨੀ ਰਾਜਨੀਤਕ ਖੇਡ ਨਹੀਂ ਹੈ। ਯਾਂਗ ਨੇ ਇਸ ਖਾਹਿਸ਼ੀ ਪ੍ਰਾਜੈਕਟ ਦੇ ਸਮਰੱਥਨ ਵਿੱਚ ਹੋਰ ਵੀ ਤਰਕ ਦਿੱਤੇ।

# ਅਮਰੀਕਾ ਨੇ ਭਾਰਤ ਦੀ ਜਾਸੂਸੀ ਕਰਨ ਦੇ ਦੋਸ਼ ਨਕਾਰੇ

ਵਾਸ਼ਿੰਗਟਨ, 31 ਮਾਰਚ (ਪੋਸਟ ਬਿਊਰੋ)- ਅਮਰੀਕਾ ਦੇ ਰੱਖਿਆ ਮੰਤਰਾਲੇ ਪੈਂਟਾਗਨ ਨੇ ਇਨ੍ਹਾਂ ਰਿਪੋਰਟਾਂ ਨੂੰ ਸਿਰੇ ਤੋਂ ਰੱਦ ਕਰ ਦਿੱਤਾ ਹੈ ਕਿ ਅਮਰੀਕਾ ਨੇ ਭਾਰਤ ਦੇ ਐਂਟੀ-ਸੈਟੇਲਾਈਟ ਮਿਜ਼ਾਈਲ (ਏ ਸੈਟ) ਬਾਰੇ ਜਾਸੂਸੀ ਕੀਤੀ ਹੈ, ਪਰ ਨਾਲ ਹੀ ਕਿਹਾ ਕਿ ਉਹ ਭਾਰਤ ਵੱਲੋਂ ਕੀਤੀ ਗਈ ਅਜ਼ਮਾਇਸ਼ ਬਾਰੇ ਪਹਿਲਾਂ ਹੀ ਜਾਣਦਾ ਸੀ। ਇਸ ਬਾਰੇ ਅਮਰੀਕਾ ਦੇ ਰੱਖਿਆ ਮੰਤਰਾਲੇ ਦੇ ਬੁਲਾਰੇ ਲੈਫਟੀਨੈਂਟ ਕਰਨਲ ਡੇਵਿਡ ਡਬਲਿਊ ਈਸਟਬਰਨ ਨੇ ਕਿਹਾ, 'ਕੋਈ ਵੀ ਭਾਰਤ ਦੀ ਜਾਸੂਸੀ ਨਹੀਂ ਕਰ ਰਿਹਾ, ਬਲਕਿ ਅਮਰੀਕਾ ਭਾਰਤ ਨਾਲ ਆਪਣੀ ਭਾਈਵਾਲੀ ਵਧਾ ਰਿਹਾ ਹੈ, ਜਿਸ ਨਾਲ ਦੋਵਾਂ ਦੇਸ਼ਾਂ ਵਿਚਾਲੇ ਆਰਥਿਕ ਸਬੰਧ ਮਜ਼ਬੂਤ ਹੋਏ ਹਨ।'

# ਪਾਕਿ ਸਰਕਾਰ ਨੇ ਸੁਪਰੀਮ ਕੋਰਟ ਦੇ ਹੁਕਮ ਵੀ ਟਿੱਚ ਜਾਣੇ

*** ਕੋਈ ਹਿੰਦੂ ਜਾਂ ਸਿੱਖ ਈ ਟੀ ਪੀ ਬੀ ਦਾ ਮੁਖੀ ਨਹੀਂ ਹੋਵੇਗਾ**

ਲਾਹੌਰ, 31 ਮਾਰਚ (ਪੋਸਟ ਬਿਊਰੋ)- ਪਾਕਿਸਤਾਨ 'ਚ ਧਾਰਮਿਕ ਜਾਇਦਾਦਾਂ ਦੀ ਸੰਭਾਲ ਕਰਨ ਲਈ ਬਣਾਏ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ (ਈ ਟੀ ਪੀ ਬੀ) ਦਾ ਚੇਅਰਮੈਨ ਘੱਟ ਗਿਣਤੀ ਭਾਈਚਾਰੇ ਵਿੱਚੋਂ ਲਾਉਣ ਲਈ ਇਸ ਦੇਸ਼ ਦੀ ਸੁਪਰੀਮ ਕੋਰਟ ਵੱਲੋਂ ਜਾਰੀ ਕੀਤੇ ਹੁਕਮਾਂ ਨੂੰ ਨਾ ਮੰਨਦੇ ਹੋਏ ਪਾਕਿਸਤਾਨ ਦੀ ਸਰਕਾਰ ਨੇ ਨਵਾਂ ਚੇਅਰਮੈਨ ਵੀ ਮੁਸਲਿਮ ਭਾਈਚਾਰੇ 'ਚੋਂ ਲਗਾਉਣ ਦਾ ਐਲਾਨ ਕੀਤਾ ਹੈ। ਧਾਰਮਿਕ ਮਾਮਲਿਆਂ ਦੇ ਮੰਤਰੀ ਡਾ. ਨੂਰ ਉਲ ਹੱਕ ਕਾਦਰੀ ਨੇ ਕੱਲ੍ਹ ਇਸ ਬਾਰੇ ਕਿਹਾ ਕਿ ਪਾਕਿਸਤਾਨ ਵਿੱਚ ਬੋਰਡ ਦਾ ਚੇਅਰਮੈਨ ਹਮੇਸ਼ਾ ਮੁਸਲਮਾਨ ਨੂੰ ਲਾਇਆ ਜਾਂਦਾ ਰਿਹਾ ਹੈ ਤੇ ਉਨ੍ਹਾਂ ਨੂੰ ਸੁਪਰੀਮ ਕੋਰਟ ਦੇ ਹੁਕਮਾਂ ਬਾਰੇ ਕੋਈ ਜਾਣਕਾਰੀ ਨਹੀਂ ਹੈ। ਵਰਨਣ ਯੋਗ ਹੈ ਕਿ ਪਾਕਿਸਤਾਨ




ਧਾਰਮਿਕ ਮਾਮਲਿਆਂ ਦੇ ਮੰਤਰੀ ਡਾ. ਨੂਰ ਉਲ ਹੱਕ ਕਾਦਰੀ

ਦੇ ਚੀਫ ਜਸਟਿਸ ਮੀਆਂ ਸਾਕਿਬ ਨਾਸਿਰ ਨੇ ਪਾਕਿਸਤਾਨ ਹਿੰਦੂ ਕੌਂਸਲ ਦੇ ਚੀਫ ਪੈਟਰਨ ਐਮ ਐਨ ਏ (ਕੌਮੀ ਅਸੈਂਬਲੀ ਦੇ ਮੈਂਬਰ) ਡਾ. ਰਮੇਸ਼ ਕੁਮਾਰ ਵਾਂਕਵਾਨੀ ਵੱਲੋਂ ਦਾਇਰ ਕੀਤੀ ਪਟੀਸ਼ਨ ਦੀ ਸੁਣਵਾਈ 'ਤੇ ਸਹਿਮਤੀ ਜਤਾਉਂਦਿਆਂ ਕਿਹਾ ਸੀ ਕਿ ਹਿੰਦੂ ਸਿੱਖ ਭਾਈਚਾਰੇ ਦੀਆਂ ਧਾਰਮਿਕ ਤੇ ਵਿਰਾਸਤੀ ਜਾਇਦਾਦਾਂ ਦੀ ਦੇਖਭਾਲ ਕੋਈ ਮੁਸਲਿਮ ਚੇਅਰਮੈਨ ਨਹੀਂ, ਸਗੋਂ ਕੋਈ ਹਿੰਦੂ ਜਾਂ ਸਿੱਖ ਸੂਝਵਾਨ ਵਿਅਕਤੀ ਵਧੀਆ ਕਰ ਸਕਦਾ ਹੈ। ਪ੍ਰਧਾਨ ਮੰਤਰੀ ਇਮ-ਰਾਨ ਖਾਨ ਦੇ ਘੱਟ ਗਿਣਤੀ ਮਾਮਲਿਆਂ ਦੇ ਸਲਾਹਕਾਰ ਡਾ. ਵਾਂਕਵਾਨੀ ਨੇ ਦੱਸਿਆ ਕਿ ਪਾਕਿ-ਸਤਾਨ ਦੀ ਕੌਮੀ ਅਸੈਂਬਲੀ ਵਿੱਚ ਈ ਟੀ ਪੀ ਬੀ ਦਾ ਚੇਅਰਮੈਨ ਘੱਟ ਗਿਣਤੀ ਭਾਈਚਾਰੇ 'ਚੋਂ ਲਾਉਣ ਲਈ ਬਿੱਲ ਪੇਸ਼ ਕਰਨ ਪਿੱਛੋਂ ਮਨੁੱਖੀ ਅਧਿਕਾਰ ਮੰਤਰੀ ਬੀਬੀ ਸ਼ਰੀਨ ਮਜ਼ਾਰੀ ਨੇ ਸੈਨੇਟ ਨੂੰ ਦੱਸਿਆ ਸੀ ਕਿ ਅਦਾਲਤ ਦਾ ਫੈਸਲਾ ਸੰਬੰਧਤ ਕਮੇਟੀ ਪਾਸ ਮਨਜ਼ੂਰੀ ਲਈ ਭੇਜ ਦਿੱਤਾ ਗਿਆ ਹੈ ਅਤੇ ਜਲਦੀ ਬੋਰਡ ਦੇ ਪੁਰਾਣੇ ਨਿਯਮਾਂ 'ਚ ਤਬਦੀਲੀ ਕਰਕੇ ਚੇਅਰਮੈਨ ਹਿੰਦੂ ਸਿੱਖ ਭਾਈਚਾਰੇ 'ਚੋਂ ਲਗਾਉਣ ਲਈ ਨਿਯਮ ਲਾਗੂ ਕੀਤੇ ਜਾਣਗੇ।

# ਜਰਮਨੀ ਵਿੱਚ ਭਾਰਤੀ ਜੋੜੇ ਨੂੰ ਚਾਕੂ ਮਾਰਿਆ, ਪਤੀ ਦੀ ਮੌਤ

ਮਿਊਨਿਖ, 31 ਮਾਰਚ (ਪੋਸਟ ਬਿਊਰੋ)- ਜਰਮਨੀ ਦੇ ਮਿਊਨਿਖ ਸ਼ਹਿਰ ਵਿੱਚ ਇਕ ਭਾਰਤੀ ਜੋੜੇ ਨੂੰ ਚਾਕੂ ਮਾਰ ਦਿੱਤਾ ਗਿਆ, ਜਿਸ ਨਾਲ ਪਤੀ ਦੀ ਮੌਤ ਹੋ ਗਈ ਹੈ।



ਭਾਰਤ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਭਾਰਤੀ ਦੂਤਘਰ ਨੂੰ ਜੋੜੇ ਦੇ ਦੋ ਬੱਚਿਆਂ ਦੀ ਦੇਖਰੇਖ ਕਰਨ ਦੇ ਲਈ ਕਿਹਾ ਹੈ। ਸੁਸ਼ਮਾ ਸਵਰਾਜ ਨੇ ਕੱਲ੍ਹ ਕਿਹਾ ਕਿ ਜਰਮਨੀ ਵਿੱਚ ਮਿਊਨਿਖ ਦੇ ਕੋਲ ਇਕ ਪ੍ਰਵਾਸੀ ਨੇ ਭਾਰਤੀ ਜੋੜੇ 'ਤੇ ਚਾਕੂ ਨਾਲ ਹਮਲਾ ਕੀਤਾ, ਜਿਸ ਵਿੱਚ ਪਤੀ ਦੀ ਮੌਤ ਹੋ ਗਈ ਅਤੇ ਪਤਨੀ ਜ਼ਖਮੀ ਹੋ ਗਈ। ਸਵਰਾਜ ਨੇ ਟਵੀਟ ਕੀਤਾ, 'ਅਸੀਂ ਪ੍ਰਸ਼ਾਂਤ ਦੇ ਭਰਾ ਦੀ ਜਰਮਨੀ ਯਾਤਰਾ ਬਾਰੇ ਸੁਵਿਧਾ ਪ੍ਰਦਾਨ ਕਰ ਰਹੇ ਹਾਂ। ਪੀੜਤ ਪਰਵਾਰ ਦੇ ਪ੍ਰਤੀ ਮੇਰੀ ਡੂੰਘੀ ਸੰਵੇਦਨਾ ਹੈ।' ਇਸ ਘਟਨਾ ਸੰਬੰਧੀ ਟਵਿਟਰ 'ਤੇ ਇਕ ਯੂਜ਼ਰ ਨੇ ਸੁਸ਼ਮਾ ਸਵਰਾਜ ਤੋਂ ਪੁੱਛਿਆ, 'ਤੁਸੀਂ ਭਾਜਪਾ ਦੇ ਸਭ ਤੋਂ ਵੱਧ ਸੰਵੇਦਨਸ਼ੀਲ ਨੇਤਾ ਕਿਉਂ ਹੋ?' ਇਸ ਦੇ ਜਵਾਬ ਵਿੱਚ ਕੇਂਦਰੀ ਮੰਤਰੀ ਨੇ ਪਲਟ ਕੇ ਕਿਹਾ ਕਿਉਂਕਿ ਮੈਂ ਵਿਦੇਸ਼ ਵਿੱਚ ਮੌਜੂਦ ਭਾਰਤੀਆਂ ਅਤੇ ਉਨ੍ਹਾਂ ਨਾਲ ਜੁੜੇ ਕੇਸਾਂ ਦੀ ਚੌਕੀਦਾਰੀ ਕਰ ਰਹੀ ਹਾਂ। ਵਰਨਣ ਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ 'ਮੈਂ ਵੀ ਚੌਕੀਦਾਰ' ਮੁਹਿੰਮ ਸ਼ੁਰੂ ਕੀਤੀ ਸੀ। ਇਸ ਦੇ ਬਾਅਦ ਬਹੁਤੇ ਭਾਜਪਾ ਨੇਤਾਵਾਂ ਨੇ ਆਪਣੇ ਨਾਮ ਦੇ ਅੱਗੇ ਚੌਕੀਦਾਰ ਲਗਾਉਣਾ ਸ਼ੁਰੂ ਕਰ ਦਿੱਤਾ ਹੈ।

# ਡੋਨਾਲਡ ਟਰੰਪ ਨੇ ਮੱਧ ਅਮਰੀਕੀ ਦੇਸ਼ਾਂ ਦੀ ਮਦਦ ਘਟਾਈ

ਵਾਸ਼ਿੰਗਟਨ, 31 ਮਾਰਚ (ਪੋਸਟ ਬਿਊਰੋ)- ਸ਼ਰਨਾਰਥੀਆਂ ਦੀ ਵਧਦੀ ਸਮੱਸਿਆ ਕਾਰਨ ਅਮਰੀਕੀ ਸਰਕਾਰ ਨੇ ਮੱਧ ਅਮਰੀਕੀ ਦੇਸ਼ਾਂ ਅਲ ਸਲਵਾਡੋਰ, ਗੁਆਟੇਮਾਲਾ ਤੇ ਹੋਂਡੂਰਸ ਨੂੰ ਮਿਲਣ ਵਾਲੀ ਮਦਦ ਵਿਚ ਕਟੌਤੀ ਕਰ ਦਿੱਤੀ ਹੈ। ਇਸ ਤੋਂ ਪਹਿਲਾਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਸੀ ਕਿ ਇਨ੍ਹਾਂ ਦੇਸ਼ਾਂ ਤੋਂ ਅਮਰੀਕਾ ਵਿੱਚ ਸ਼ਰਨ ਮੰਗਣ ਵਾਲਿਆਂ ਦੀ ਗਿਣਤੀ ਹਾਲ ਹੀ ਦੇ ਦਿਨਾਂ ਵਿਚ ਤੇਜ਼ੀ ਨਾਲ ਵਧੀ ਹੈ।

ਵਰਨਣ ਯੋਗ ਹੈ ਕਿ ਡੋਨਾਲਡ ਟਰੰਪ ਨੇ ਦੋਸ਼ ਲਾਇਆ ਸੀ ਕਿ ਇਨ੍ਹਾਂ ਦੇਸ਼ਾਂ ਨੇ ਸ਼ਰਨਾਰਥੀਆਂ ਦਾ ਕਾਰਵਾਂ ਤਿਆਰ ਕੀਤਾ ਹੈ ਤੇ ਉਨ੍ਹਾਂ ਨੂੰ ਉੱਤਰ ਵਾਲੇ ਪਾਸੇ ਤੋਂ ਅਮਰੀਕਾ ਵਿਚ ਭੇਜ ਰਹੇ ਹਨ। ਉਨ੍ਹਾਂ ਕਿਹਾ ਕਿ ਜੇ ਅਮਰੀਕਾ ਵਿਚ ਆ ਰਹੇ ਸ਼ਰਨਾਰਥੀਆਂ ਉੱਤੇ ਮੈਕਸੀਕੋ ਲਗਾਮ ਨਾ ਕੱਸੇਗਾ ਤਾਂ ਉਸ ਨਾਲ ਦੀ ਸਰਹੱਦ ਬੰਦ ਕਰ ਦਿੱਤੀ ਜਾਵੇਗੀ। ਟਰੰਪ ਦੇ ਇਸ ਬਿਆਨ ਪਿੱਛੋਂ ਰੋਜ਼ ਮੈਕਸੀਕੋ ਸਰਹੱਦ ਪਾਰ ਤੋਂ ਅਮਰੀਕਾ ਆਉਣ-ਜਾਣ ਵਾਲੇ ਵਿਦਿਆਰਥੀਆਂ ਤੇ ਮੁਲਾਜ਼ਮਾਂ ਵਿਚ ਵੀ ਬੇਯਕੀਨੀ ਦਾ ਮਾਹੌਲ ਬਣ ਗਿਆ ਹੈ।


Call for Free Estimates
A-1 RENOVATION GTA INC
New Basement $1,000
416-456-1462
OVER 15 YEARS OF SERVICE
Professionals in Completing Basements within 3 Weeks
Services: Complete Basement, Tiles, Bathrooms, Plumbing, Laminate, Hardwood Floor, Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

ਸਸਤੀਆਂ ਹਵਾਈ ਟਿਕਟਾਂ
RC Tours Specially Designed to Save Money in Travel
Tico# 50023814
- Special Flights to India and Pakistan
- Special Packages to cuba, mexico
- Online visa application (India)
- Cruise Booking
- Travel insurance
Manjit Batra
manjit.rctours@gmail.com | www.rctours.ca
647.766.3929/647.490.4650
3459 Sheppard Ave. East, Suite 207 Scarborough

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

Honesty, Reliability, Commitment
Hira Randhawa Broker
HomeLife SilverCity
- 1 yr Home Warranty
- 40% Discount on Brand Name
- Appliances & Furniture
- Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585
$679,000 William Prkwy/Chinguacouasy: All Brick Semi-Detached House In The Most Popular Credit Valley Area. No Carpet In-House, Very Clean, No House Behind, Property Is Not To Be Missed. Close To School Plaza, Transit, Go Station And Parks.
$699,000 Morning Star/Airport: Great Opportunity For 1st Time Buyers. $$$ Upgrades Newly Renovated W/ Granite Counter Top, S/S Appliances, Close To School, 421/401, Westwood Mall, 2 Basement Apartment. One Br & 2 Br Each W/ Separate Entrance. Potential Income $1800/Month From Bsmnt.
$778,900 Charolais & Chinguacouasy: Renovated Bungalow. 3 Good Size Bedrooms Plus Den And 2 Bedroom Finished Basement With Separate Entrance Equipped With Appliances, New Kitchen + New Bathrooms + New Hardwood Very Close To Hwy, Downtown.
$789,000 Chinguacousy/Drinkwater: Spacious Detached 4 Bedrm Home Nestled In A Beautiful Neighbourhood. Freshly Painted, Laminate Flooring, No Carpet In The House. Furnace (2016), Most Of The Windows (2016), Master Bedroom W/I Closet And An Ensuite...
Call For: RESP, SUPER -VISA,& TRAVEL Insurance
H.Randhawa
416-319-0551

MICHELIN, Hankook, Continental, ROADLUX, BFGoodrich, AEOLUS, COMPASAL, Chevron Delo
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
7 ਦਿਨ ਖੁੱਲ੍ਹਾ
SPECIAL ON TRUCK ALIGNMENT
BRAND NEW MACHINES 2018
Brake & Drum - Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਪਾਰਲੀਮੈਂਟ ਵਿੱਚ ਪੰਜਾਬੀ ਮੁੱਦੇ ਚੁੱਕਣ ਵਿੱਚ ਰਵਨੀਤ ਬਿੱਟੂ ਅੱਗੇ

## * ਹਰਸਿਮਰਤ ਕੌਰ ਬਾਦਲ ਮੁੱਦੇ ਚੁੱਕਣਾ ਹੀ ਭੁੱਲ ਗਈ



ਚੰਡੀਗੜ੍ਹ, 31 ਮਾਰਚ (ਪੋਸਟ ਬਿਊਰੋ)- ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫ਼ਾਰਮਸ (ਏ ਡੀ ਆਰ) ਨੇ ਸੂਚੀ ਜਾਰੀ ਕਰ ਕੇ ਪੰਜਾਬ ਦੇ 13 ਲੋਕ ਸਭਾ ਹਲਕਿਆਂ ਤੋਂ ਚੁਣੇ ਹੋਏ ਮੈਂਬਰਾਂ ਵੱਲੋਂ ਪਿਛਲੇ ਪੰਜ ਸਾਲਾਂ ਦੇ ਦੌਰਾਨ ਲੋਕ ਸਭਾ ਵਿਚ ਉਠਾਏ ਜਾ ਚੁੱਕੇ ਮੁੱਦਿਆਂ ਦੀ ਜਾਣਕਾਰੀ ਦਿਤੀ ਹੈ।

ਇਸ ਸੂਚੀ ਵਿਚ ਪਹਿਲੇ ਨੰਬਰ ਉੱਤੇ ਸਭ ਤੋਂ ਵੱਧ ਮੁੱਦੇ ਲੋਕ ਸਭਾ ਵਿਚ ਉਠਾਉਣ ਵਾਲਾ ਪੰਜਾਬ ਦੇ ਲੁਧਿਆਣਾ ਹਲਕੇ ਤੋਂ ਕਾਂਗਰਸ ਪਾਰਟੀ ਦਾ ਐਮ ਪੀ ਰਵਨੀਤ ਸਿੰਘ ਬਿੱਟੂ ਹੈ, ਜਿਸ ਨੇ 486 ਮੁੱਦੇ ਲੋਕ ਸਭਾ ਵਿਚ ਚੁੱਕੇ ਸਨ। ਦੂਜੇ ਨੰਬਰ ਉੱਤੇ ਆਨੰਦਪੁਰ ਸਾਹਿਬ ਤੋਂ ਅਕਾਲੀ ਦਲ ਦੇ ਲੋਕ ਸਭਾ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ 434 ਮੁੱਦੇ ਚੁੱਕੇ ਅਤੇ ਤੀਜੇ ਨੰਬਰ ਉੱਤੇ ਫਿਰੋਜ਼ਪੁਰ ਤੋਂ ਲੋਕ ਸਭਾ ਮੈਂਬਰ ਸ਼ੇਰ ਸਿੰਘ ਘੁਬਾਇਆ ਸੀ, ਜਿਸ ਨੇ 202 ਮੁੱਦੇ ਲੋਕ ਸਭਾ ਅੰਦਰ ਚੁੱਕੇ ਸਨ। ਸ਼ੇਰ ਸਿੰਘ ਘੁਬਾਇਆ ਅਕਾਲੀ ਦਲ ਛੱਡ ਕੇ ਕਾਂ-ਗਰਸ ਦੇ ਖੇਮੇ ਵਿਚ ਸ਼ਾਮਲ ਹੋ ਚੁੱਕੇ ਹਨ।

ਸਵਾਲ ਪੁੱਛਣ ਦੇ ਪੱਖ ਤੋਂ ਚੌਥੇ ਸਥਾਨ ਉੱਤੇ ਜਲੰਧਰ ਤੋਂ ਕਾਂਗਰਸੀ ਲੋਕ ਸਭਾ ਮੈਂਬਰ ਸੰਤੋਖ ਸਿੰਘ ਚੌਧਰੀ ਹਨ, ਜਿਨ੍ਹਾਂ ਨੇ ਲੋਕ ਸਭਾ ਵਿਚ 74 ਮੁੱਦੇ ਚੁੱਕੇ। ਪੰਜਵੇਂ ਥਾਂ ਫ਼ਰੀਦਕੋਟ ਤੋਂ ਆਮ ਆਦਮੀ ਪਾਰਟੀ ਦੇ ਪ੍ਰੋਫ਼ੈਸਰ ਸਾਧੂ ਸਿੰਘ ਹਨ, ਜਿਨ੍ਹਾਂ ਨੇ 57 ਮੁੱਦੇ ਚੁੱਕੇ। ਛੇਵੇਂ ਸਥਾਨ ਉੱਤੇ ਸੰਗਰੂਰ ਤੋਂ ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਭਗਵੰਤ ਮਾਨ ਹਨ, ਜਿਨ੍ਹਾਂ ਨੇ ਓਥੇ 54 ਮੁੱਦੇ ਚੁੱਕੇ। ਸੱਤਵੇਂ ਥਾਂ ਫ਼ਤਹਿਗੜ੍ਹ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਹਰਿੰਦਰ ਸਿੰਘ ਖਾਲਸਾ ਨੇ 43 ਮੁੱਦੇ ਚੁੱਕੇ। ਇੱਕ ਉਪ ਚੋਣ ਵਿੱਚ ਜਿੱਤ ਕੇ ਓਥੇ ਗਏ ਅੰਮ੍ਰਿਤਸਰ ਤੋਂ ਕਾਂਗਰਸ ਦੇ ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ ਅੱਠਵੇਂ ਥਾਂ ਹਨ, ਜਿਨ੍ਹਾਂ ਨੇ 35 ਮੁੱਦੇ ਚੁੱਕੇ। ਨੌਵੇਂ ਨੰਬਰ ਉੱਤੇ ਖਡੂਰ ਸਾਹਿਬ ਤੋਂ ਰਣਜੀਤ ਸਿੰਘ ਬ੍ਰਹਮਪੁਰਾ ਹਨ, ਜਿਨ੍ਹਾਂ ਨੇ 30 ਮੁੱਦੇ ਚੁੱਕੇ। 10ਵੇਂ ਥਾਂ ਗੁਰਦਾਸਪੁਰ ਵਿੱਚੋਂ ਉਪ ਚੋਣ ਜਿੱਤ ਕੇ ਗਏ ਸੁਨੀਲ ਕੁਮਾਰ ਜਾਖੜ ਹਨ, ਜਿਨ੍ਹਾਂ ਨੇ 24 ਮੁੱਦੇ ਲੋਕ ਸਭਾ ਵਿਚ ਚੁੱਕੇ। ਗਿਆਰਵੇਂ ਥਾਂ ਪਟਿਆਲਾ ਵਿੱਚੋਂ ਆਮ ਆਦਮੀ ਪਾਰਟੀ ਦੇ ਡਾ. ਧਰਮਵੀਰ ਗਾਂਧੀ ਨੇ ਸਿਰਫ 15 ਸਵਾਲ ਚੁੱਕੇ ਤੇ 12ਵੇਂ ਥਾਂ ਹੁਸ਼ਿਆਰਪੁਰ ਤੋਂ ਭਾਜਪਾ ਦੇ ਲੋਕ ਸਭਾ ਮੈਂਬਰ ਅਤੇ ਕੇਂਦਰੀ ਮੰਤਰੀ ਵਿਜੇ ਸਾਂਪਲਾ ਹਨ, ਜਿਨ੍ਹਾਂ ਨੇ ਸਿਰਫ 1 ਸਵਾਲ ਪੁੱਛਿਆ। ਬਠਿੰਡਾ ਹਲਕੇ ਤੋਂ ਚੁਣੀ ਅਕਾਲੀ ਦਲ ਦੀ ਲੋਕ ਸਭਾ ਮੈਂਬਰ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਲੋਕ ਸਭਾ ਵਿਚ ਕਦੇ ਵੀ ਕੋਈ ਸਵਾਲ ਹੀ ਨਹੀਂ ਉਠਾਇਆ।

# ਬਾਲਾਕੋਟ ਵਿੱਚ ਏਅਰ ਸਟਰਾਈਕ ਦੇ 32 ਦਿਨ ਪਿੱਛੋਂ ਪੱਤਰਕਾਰਾਂ ਨੂੰ ਘਟਨਾ ਵਾਲੀ ਥਾਂ ਲੈ ਗਈ ਪਾਕਿ ਫੌਜ

ਇਸਲਾਮਾਬਾਦ, 31 ਮਾਰਚ (ਪੋਸਟ ਬਿਊਰੋ)- ਬਾਲਾਕੋਟ ਏਅਰ ਸਟਰਾਈਕ ਦੇ 32 ਦਿਨ ਬਾਅਦ ਪਾਕਿਸਤਾਨ ਦੀ ਫੌਜ ਪੱਤਰਕਾਰਾਂ ਦੇ ਇੱਕ ਗਰੁੱਪ ਨੂੰ ਘਟਨਾ ਵਾਲੀ ਥਾਂ ਲੈ ਕੇ ਗਈ, ਪਰ ਸੱਚ ਜਾਨਣ ਗਏ ਪੱਤਰਕਾਰਾਂ ਨੂੰ ਇਥੇ ਨਿਰਾਸ਼ਾ ਹੱਥ ਲੱਗੀ। ਬਾਲਾਕੋਟ ਦੇ ਕੁਝ ਇਲਾਕੇ ਅਜੇ ਵੀ ਪਾਕਿਸਤਾਨੀ ਫੌਜ ਨੇ ਘੇਰੇ ਹੋਏ ਹਨ ਅਤੇ ਇਥੇ ਕਿਸੇ ਨੂੰ ਜਾਣ ਦੀ ਇਜਾਜ਼ਤ ਨਹੀਂ ਹੈ। ਰਿਪੋਰਟ ਦੇ ਮੁਤਾਬਕ ਬਾਲਾਕੋਟ ਦੇ ਮਦਰੱਸੇ ਵਿੱਚ ਅਜੇ ਵੀ 300 ਬੱਚੇ ਮੌਜੂਦ ਹਨ।

ਜਾਣਕਾਰ ਸੂਤਰਾਂ ਮੁਤਾਬਕ 28 ਮਾਰਚ ਨੂੰ ਪਾਕਿਸਤਾਨ ਫੌਜ ਪੱਤਰਕਾਰਾਂ ਦੇ ਇੱਕ ਗਰੁੱਪ ਨੂੰ ਹੈਲੀਕਾਪਟਰ ਵਿੱਚ ਬਾਲਾਕੋਟ ਲੈ ਗਏ। ਸੂਤਰਾਂ ਨੇ ਕਿਹਾ ਕਿ ਉਨ੍ਹਾਂ ਨੂੰ ਹੈਲੀਕਾਪਟਰ ਉੱਤੇ ਲੋਕੇਸ਼ਨ 'ਤੇ ਲਿਜਾਇਆ ਗਿਆ, ਬੱਚਿਆਂ ਦੇ ਨਾਲ ਗੱਲ ਕਰਨ ਦੀ ਇਜਾਜ਼ਤ ਸੀ ਅਤੇ ਉਨ੍ਹਾਂ ਨੂੰ ਵੀਡੀਓ ਵੀ ਬਣਾਉਣ ਦਾ ਮੌਕਾ ਦਿੱਤਾ ਗਿਆ। ਖੁਫੀਆ ਸੂਤਰਾਂ ਨੇ ਕਿਹਾ ਕਿ ਘਟਨਾ ਵਾਲੀ ਥਾਂ ਦਾ ਕੁਝ ਹਿੱਸਾ ਅਜੇ ਕਵਰ ਰੱਖਿਆ ਹੈ, ਉਥੇ ਕਿਸੇ ਨੂੰ ਜਾਣ ਦੀ ਇਜਾਜ਼ਤ ਨਹੀਂ, ਉਸ ਦੀ ਹਿਫਾਜ਼ਤ ਫਰੰਟੀਅਰ ਕਾਪਰਸ ਦੇ ਜਵਾਨ ਕਰਦੇ ਹਨ।


**Beauty Parlour ਲਈ ਲੜਕੀਆਂ ਦੀ ਲੋੜ ਹੈ**

Beauty/Hair Salon in **Mississauga** ਲਈ **hair cutting (Gents/Ladies)** ਅਤੇ **Threading/waxing** ਦਾ ਕੰਮ ਜਾਣਨ ਵਾਲੀਆਂ ਲੜਕੀਆਂ ਦੀ ਲੋੜ ਹੈ। **Barber** ਵੀ ਅਪਲਾਈ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ



**Off: 905-814-7400**
**Ph: 416-566-9678**


# ਬੀ ਐਸ ਐਫ ਜਵਾਨ ਦੇ ਕਾਤਲ ਉਸ ਦੇ ਪੁੱਤਰ ਹੀ ਨਿਕਲੇ

ਪੱਟੀ, 31 ਮਾਰਚ (ਪੋਸਟ ਬਿਊਰੋ)- ਥਾਣਾ ਸਦਰ ਦੇ ਪਿੰਡ ਦੁੱਬਲੀ ਵਿਖੇ ਪਿਛਲੇ ਦਿਨੀਂ ਬੀ ਐਸ ਐਫ ਜਵਾਨ ਦੇ ਕਤਲ ਕੇਸ ਵਿੱਚ ਦੋਂਹ ਦੋਸ਼ੀਆਂ ਵਿੱਚੋਂ ਇਕ ਨੂੰ ਪੁਲਸ ਨੇ ਫੜ ਲਿਆ ਹੈ। ਇਹ ਕਤਲ ਕਿਸੇ ਹੋਰ ਨੇ ਨਹੀਂ, ਉਸ ਦੇ ਦੋਵੇਂ ਜੋੜੇ ਪੁੱਤਰਾਂ ਨੇ ਹੀ ਕੀਤਾ ਨਿਕਲਿਆ ਹੈ, ਜਿਨ੍ਹਾਂ ਨੇ ਆਪਣੇ ਬਾਪ ਨੂੰ ਕਤਲ ਕਰਨ ਪਿੱਛੋਂ ਲਾਸ਼ ਨੂੰ ਨਹਿਰ 'ਚ ਸੁੱਟਿਆ ਤੇ ਫਿਰ ਗੁੰਮਸ਼ੁਦਗੀ ਦੀ ਰਿਪੋਰਟ ਥਾਣੇ 'ਚ ਦਰਜ ਕਰਵਾ ਦਿੱਤੀ ਸੀ।

ਇਸ ਸੰਬੰਧ ਵਿੱਚ ਥਾਣਾ ਸਦਰ ਦੇ ਐਸ ਐਚ ਓ ਸ਼ਿਵਦਰਸ਼ਨ ਸਿੰਘ ਨੇ ਦੱਸਿਆ ਕਿ 22 ਮਾਰਚ ਨੂੰ ਜਗਰੂਪ ਸਿੰਘ ਵਾਸੀ ਦੁੱਬਲੀ ਨੇ ਆਪਣੇ ਪਿਤਾ ਲਖਬੀਰ ਸਿੰਘ, ਜਿਹੜਾ ਬੀ ਐਸ ਐਫ 'ਚ ਪਠਾਨਕੋਟ ਵਿਖੇ ਨੌਕਰੀ ਕਰਦਾ ਸੀ ਤੇ 19 ਮਾਰਚ ਨੂੰ ਛੁੱਟੀ ਕੱਟਣ ਆਪਣੇ ਘਰ ਆਇਆ ਸੀ, ਦੀ ਗੁੰਮਸ਼ੁਦਗੀ ਦੀ ਰਿਪੋਰਟ ਥਾਣੇ ਵਿੱਚ ਲਿਖਵਾਈ ਤਾਂ ਅਸੀਂ ਆਪਣੀ ਭਾਲ ਸ਼ੁਰੂ ਕੀਤੀ। ਦੁੱਬਲੀ ਤੋਂ ਸ਼ਹੀਦ ਪਿੰਡ ਨੂੰ ਜਾਂਦੀ ਨਹਿਰ 'ਚ ਲਖਬੀਰ ਸਿੰਘ ਦੀ ਲਾਸ਼ ਮਿਲਣ ਪਿੱਛੋਂ ਅਸੀਂ ਮ੍ਰਿਤਕ ਦੇ ਪੁੱਤਰ ਜਗਰੂਪ ਸਿੰਘ ਦੇ ਬਿਆਨਾਂ ਉੱਤੇ ਅਣਪਛਾਤੇ ਬੰਦਿਆਂ ਵਿਰੁੱਧ ਕੇਸ ਦਰਜ ਕਰਕੇ ਜਾਂਚ ਸ਼ੁਰੂ ਕੀਤੀ ਤਾਂ ਸ਼ੱਕ ਦੀ ਸੂਈ ਮ੍ਰਿਤਕ ਦੇ ਪੁੱਤਰਾਂ ਉੱਤੇ ਗਈ ਤਾਂ ਅਸੀਂ ਜਗਰੂਪ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਉਸ ਨੇ ਮੰਨਿਆ ਕਿ ਸਾਡਾ ਪਿਤਾ ਲਖਬੀਰ ਸਿੰਘ ਜਦ ਵੀ ਛੁੱਟੀ ਕੱਟਣ ਆਉਂਦਾ ਤਾਂ ਸ਼ਰਾਬ ਦੇ ਨਸ਼ੇ 'ਚ ਝਗੜਾ ਕਰਦਾ ਸੀ। ਜਦ 19 ਮਾਰਚ ਨੂੰ ਉਹ ਛੁੱਟੀ ਕੱਟਣ ਆਇਆ ਤਾਂ ਉਸ ਨੇ ਫਿਰ ਲੜਾਈ ਸ਼ੁਰੂ ਕਰ ਦਿੱਤੀ ਤੇ ਮੈਂ ਅਤੇ ਮੇਰੇ ਜੋੜੇ ਭਰਾ ਜਗਜੀਤ ਸਿੰਘ ਨੇ 315 ਬੋਰ ਦੇ ਦੇਸੀ ਪਿਸਤੌਲ ਨਾਲ ਗੋਲੀ ਮਾਰ ਕੇ ਉਸ ਨੂੰ ਕਤਲ ਕਰਨ ਤੋਂ ਬਾਅਦ ਲਾਸ਼ ਮੋਟਰ ਸਾਈਕਲ 'ਤੇ ਲੱਦ ਕੇ ਨਹਿਰ 'ਚ ਸੁੱਟ ਦਿੱਤੀ ਸੀ। ਐਸ ਐਚ ਓ ਨੇ ਦੱਸਿਆ ਕਿ ਜਗਰੂਪ ਸਿੰਘ ਨੂੰ ਪਿਸਤੌਲ ਅਤੇ ਮੋਟਰ ਸਾਈਕਲ ਸਮੇਤ ਗ੍ਰਿਫਤਾਰ ਕਰ ਲਿਆ ਹੈ ਤੇ ਦੂਸਰੇ ਭਰਾ ਜਗਜੀਤ ਸਿੰਘ ਦੀ ਗ੍ਰਿਫਤਾਰੀ ਲਈ ਵੀ ਛਾਪੇਮਾਰੀ ਕੀਤੀ ਜਾ ਰਹੀ ਹੈ।

# ਰਾਜਸਥਾਨ ਦੇ ਮੁਕੁਲ ਨੇ ਵਾਟਸਐਪ ਵਿੱਚ ਬਗ ਲੱਭਿਆ, ਐਵਾਰਡ ਵਿੱਚ 500 ਡਾਲਰ ਮਿਲੇ

ਸਿਰੋਹੀ, 31 ਮਾਰਚ (ਪੋਸਟ ਬਿਊਰੋ)- ਰਾਜਸਥਾਨ ਦੇ ਇਸ ਸ਼ਹਿਰ ਦੇ ਨੌਜਵਾਨ ਮੁਕੁਲ ਮਾਲਵੀਆ ਨੇ ਸੋਸ਼ਲ ਮੀਡੀਆ ਵਾਟਸਐਪ ਐਪ ਵਿੱਚ ਬਗ (ਤਕਨੀਕੀ ਖ਼ਾਮੀ) ਲੱਭੀ ਹੈ, ਜਿਸ 'ਤੇ ਵਾਟਸਐਪ ਵੱਲੋਂ ਉਸ ਨੂੰ ਵ੍ਹਾਈਟ ਹੈਕਰ ਟੈਗ ਦੇ ਕੇ 500 ਡਾਲਰ ਦਾ ਐਵਾਰਡ ਦਿੱਤਾ ਹੈ। ਐਪ ਦੀ ਖ਼ਾਮੀ ਉਤੇ ਫੇਸਬੁਕ ਨੇ ਉਸ ਦਾ ਨਾਂਅ ਆਪਣੇ ਹੇਲ ਆਫ ਫੇਮ ਵਿੱਚ ਵੀ ਸ਼ਾਮਲ ਕੀਤਾ ਹੈ। ਮੁਕੁਲ ਮਾਲਵੀਆ ਇਸ ਵੇਲੇ ਜੈਪੁਰ ਵਿੱਚ ਬੀ ਟੈਕ ਦੀ ਪੜ੍ਹਾਈ ਕਰ ਰਿਹਾ ਹੈ।

ਇਸ ਸੰਬੰਧ ਵਿੱਚ ਮੁਕੁਲ ਨੇ ਦੱਸਿਆ ਕਿ ਵਾਟਸਐਪ 'ਤੇ ਭੇਜੇ ਗਏ ਮੈਸੇਜ ਨੂੰ ਡਿਲੀਟ ਕਰਨ ਅਤੇ ਭੇਜਣ ਵਾਲੇ ਯੂਜ਼ਰ ਅਤੇ ਜਿਸ ਯੂਜ਼ਰ ਨੂੰ ਮੈਸੇਜ ਭੇਜਿਆ ਹੈ, ਦੋਵਾਂ ਦੇ ਵਾਟਸਐਪ ਤੋਂ ਇਹ ਮੈਸੇਜ ਜਾਂ ਫੋਟੋ ਡਿਲੀਟ ਹੋ ਸਕਦੀ ਹੈ, ਪ੍ਰੰਤੂ ਵਾਟਸਐਪ ਵਿੱਚ ਇੱਕ ਖ਼ਾਮੀ ਹੈ, ਜਿਸ ਵਿੱਚ ਜੇ ਕਿਸੇ ਯੂਜ਼ਰ ਨੇ ਕਿਸੇ ਨੂੰ ਮੈਸੇਜ ਵਿੱਚ ਫੋਟੋ ਭੇਜੀ ਹੈ ਅਤੇ ਜਿਸ ਨੂੰ ਭੇਜੀ ਹੈ, ਉਸ ਦਾ ਡਾਟਾ ਆਨ ਨਹੀਂ ਤਾਂ ਇਸ ਦੌਰਾਨ ਭੇਜਣ ਵਾਲੇ ਯੂਜ਼ਰ ਨੇ ਉਹ ਫੋਟੋ ਡਿਲੀਟ ਕਰਨੀ ਹੈ ਅਤੇ ਉਸ ਨੇ ਉਹ ਫੋਟੋ ਡਿਲੀਟ ਕਰ ਦਿੱਤੀ ਹੈ, ਪਰ ਫੋਟੋ ਸੈਂਡ ਹੋਣ ਕਾਰਨ ਵਾਟਸਐਪ ਦੇ ਸਰਵਰ 'ਤੇ ਡਿਲੀਸ਼ਨ ਸੇਵ ਹੋ ਗਈ ਜੋ ਕਿ ਨਹੀਂ ਹੋਣੀ ਚਾਹੀਦੀ। ਜਦ ਵੀ ਦੂਸਰਾ ਯੂਜ਼ਰ ਡਾਟਾ ਆਨ ਕਰੇਗਾ ਤਾਂ ਉਹ ਫੋਟੋ ਉਸ ਦੀ ਗੈਲਰੀ ਵਿੱਚ ਡਾਊਨਲੋਡ ਕੀਤੇ ਬਗੈਰ ਹੀ ਸੇਵ ਹੋ ਜਾਂਦੀ ਹੈ, ਜਦ ਕਿ ਵਾਟਸਐਪ ਉੱਤੇ ਮੈਸੇਜ਼ ਡਿਲੀਟ ਹੋ ਚੁੱਕਾ ਦਿਖਾਈ ਦੇਂਦਾ ਹੈ। ਇਸ ਨੂੰ ਲੱਭਣ ਦੇ ਲਈ ਮੁਕੁਲ ਨੂੰ ਵਾਟਸਐਪ ਸਰਵਿਸ ਦੇਣ ਵਾਲੀ ਕੰਪਨੀ ਨੇ ਇਨਾਮ ਦਿੱਤਾ ਹੈ।

# ਲੜਕਿਆਂ ਵੱਲੋਂ ਫੋਨ ਉਤੇ ਧਮਕੀ ਦੇਣ ਕਾਰਨ ਵਿਆਹੁਤਾ ਵੱਲੋਂ ਖੁਦਕੁਸ਼ੀ



ਤਰਨ ਤਾਰਨ, 31 ਮਾਰਚ (ਪੋਸਟ ਬਿਊਰੋ)- ਮੁਹੱਲਾ ਜੱਸੇ ਵਾਲਾ 'ਚ ਛੇ ਮਹੀਨੇ ਪਹਿਲਾਂ ਵਿਆਹੀ ਲੜਕੀ ਨੇ ਸਲਫਾਸ ਖਾ ਕੇ ਖੁਦਕੁਸ਼ੀ ਕਰ ਲਈ ਤੇ ਆਪਣੀ ਮੌਤ ਪਿੱਛੇ ਇਕ ਲੜਕੇ ਤੇ ਦੋ ਔਰਤਾਂ ਨੂੰ ਜ਼ਿੰਮੇਵਾਰ ਕਿਹਾ ਹੈ। ਮਰਨ ਤੋਂ ਪਹਿਲਾਂ ਲਾਈਵ ਵੀਡੀਓ 'ਚ ਲਏ ਗਏ ਨਾਵਾਂ ਦੇ ਆਧਾਰ ਉਤੇ ਪੁਲਸ ਨੇ ਦੋ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ।

ਇਸ ਸੰਬੰਧ ਵਿੱਚ ਗੁਰਪ੍ਰੀਤ ਸਿੰਘ ਪੁੱਤਰ ਕੁਲਵੰਤ ਸਿੰਘ ਵਾਸੀ ਮੁਹੱਲਾ ਜੱਸੇ ਵਾਲਾ ਨੇ ਪੁਲਸ ਨੂੰ ਸ਼ਿਕਾਇਤ ਕੀਤੀ ਸੀ ਕਿ ਉਸ ਦੇ ਭਰਾ ਦੀ 10 ਸਾਲ ਪਹਿਲਾਂ ਮੌਤ ਪਿੱਛੋਂ ਉਸ ਦੀ ਭਰਜਾਈ ਚਲੀ ਗਈ, ਪਰ ਭਤੀਜੀ ਕਿਰਨਪ੍ਰੀਤ ਕੌਰ ਉਨ੍ਹਾਂ ਕੋਲ ਰਹਿੰਦੀ ਰਹੀ ਸੀ। ਉਸ ਨੇ ਦੱਸਿਆ ਕਿ ਉਸ ਦੀ ਭਤੀਜੀ ਦੀਆਂ ਦੋ ਲੜਕਿਆਂ ਹਰਦੀਪ ਸਿੰਘ ਪੁੱਤਰ ਇਕਬਾਲ ਸਿੰਘ ਵਾਸੀ ਫਤਹਿਚੱਕ ਅਤੇ ਹਰਮਨ ਸਿੰਘ ਨਾਲ ਫੋਨ 'ਤੇ ਗੱਲਾਂ ਹੁੰਦੀਆਂ ਸਨ। ਛੇ ਮਹੀਨੇ ਪਹਿਲਾਂ ਉਨ੍ਹਾਂ ਨੇ ਆਪਣੀ ਭਤੀਜੀ ਦਾ ਵਿਆਹ ਹਰਦੀਪ ਸਿੰਘ ਨਾਲ ਕਰ ਦਿੱਤਾ ਤਾਂ ਰੰਜਿਸ਼ ਵਿੱਚ ਹਰਮਨ ਸਿੰਘ, ਉਸ ਦੀ ਮਾਂ ਕੰਵਲਜੀਤ ਕੌਰ ਤੇ ਉਨ੍ਹਾਂ ਦੀ ਗਲੀ ਵਿੱਚ ਰਹਿੰਦੀ ਕਿਰਨਦੀਪ ਕੌਰ ਉਸ ਦੀ ਭਤੀਜੀ ਨੂੰ ਧਮਕੀ ਦਿੰਦੇ ਸਨ ਕਿ ਉਹ ਉਸ ਨੂੰ ਚੁੱਕ ਕੇ ਲੈ ਜਾਣਗੇ। ਇਸ ਡਰੋਂ ਕਿਰਨਪ੍ਰੀਤ ਕੌਰ ਨੇ ਜ਼ਹਿਰੀਲੀ ਦਵਾਈ ਨਿਗਲ ਲਈ। ਜਦੋਂ ਹਸਪਤਾਲ ਲਿਜਾਇਆ ਜਾ ਰਿਹਾ ਸੀ ਤਾਂ ਉਸ ਨੇ ਮੋਬਾਈਲ ਰਾਹੀਂ ਵੀਡੀਓ ਉਤੇ ਆਪਣੀ ਮੌਤ ਲਈ ਉਕਤ ਲੋਕਾਂ ਨੂੰ ਜ਼ਿੰਮੇਵਾਰ ਦੱਸਿਆ। ਇਲਾਜ ਦੌਰਾਨ ਮੌਤ ਹੋਣ ਪਿੱਛੋਂ ਪੁਲਸ ਨੇ ਕੇਸ ਦਰਜ ਕਰ ਲਿਆ ਹੈ।

# ਪ੍ਰਧਾਨ ਦੀ ਚੌਧਰ ਖੁੱਸਣ ਪਿੱਛੋਂ ਨਗਰ ਕੌਂਸਲ ਦੀ ਕਮਾਂਡ ਅਫਸਰਾਂ ਹਵਾਲੇ

ਕਰਤਾਰਪੁਰ, 31 ਮਾਰਚ (ਪੋਸਟ ਬਿਊਰੋ)- ਨਗਰ ਕੌਂਸਲ ਕਰਤਾਰ-ਪੁਰ ਦਾ ਪ੍ਰਧਾਨ ਆਪਣਾ ਬਹੁਮਤ ਸਾਬਤ ਕਰਨ ਦੇ ਬਜਾਏ ਕੱਲ੍ਹ ਦੀ ਮੀਟਿੰਗ ਵਿੱਚੋਂ ਸਾਥੀਆਂ ਸਮੇਤ ਗੈਰ ਹਾਜ਼ਰ ਹੋ ਗਿਆ। ਇਸ ਪਿੱਛੋਂ ਅਕਾਲੀ ਤੇ ਕਾਂਗਰਸੀ ਕੌਂਸਲਰਾਂ ਨੇ ਸ਼ਹਿਰ ਦੇ ਵਿਕਾਸ ਲਈ ਇਕੱਠੇ ਹੋ ਕੇ ਮੌਜੂਦਾ ਪ੍ਰਧਾਨ ਨੂੰ ਅਹੁਦੇ ਤੋਂ ਲਾਹੁਣ ਦਾ ਮਤਾ ਪਾਸ ਕਰ ਦਿੱਤਾ ਤਾਂ ਇਸ ਨਾਲ ਨਗਰ ਕੌਂਸਲ ਦੀ ਕਮਾਂਡ ਇਕ ਵਾਰ ਫਿਰ ਅਫਸਰਾਂ ਦੇ ਹੱਥ ਆ ਗਈ ਹੈ।

ਤਹਿਸੀਲਦਾਰ ਅਧਿਅਨ ਗੁਪਤਾ ਅਤੇ ਕਾਰਜ ਸਾਧਕ ਅਫਸਰ ਕਰਮਿੰਦਰਪਾਲ ਸਿੰਘ ਦੀ ਅਗਵਾਈ ਵਿੱਚ ਹੋਈ ਮੀਟਿੰਗ ਵਿੱਚ ਸ਼ਹਿਰ ਦੇ 15 ਕੌਂਸਲਰਾਂ ਵਿੱਚੋਂ 11 ਕੌਂਸਲਰ ਹਾਜ਼ਰ ਹੋਏ। ਇਸ ਦੌਰਾਨ ਨਗਰ ਕੌਂਸਲ ਦੇ ਪ੍ਰਧਾਨ ਸੂਰਜ ਭਾਨ ਅਤੇ ਉਸ ਦੇ ਸਾਥੀ ਕੌਂਸਲਰ ਮੀਟਿੰਗ ਤੋਂ ਗੈਰ ਹਾਜ਼ਰ ਰਹੇ। ਲੰਮਾ ਸਮਾਂ ਉਡੀਕਣ ਮਗਰੋਂ ਕਾਰਜ ਸਾਧਕ ਅਫਸਰ ਕਰਮਿੰਦਰਪਾਲ ਸਿੰਘ ਨੇ ਸਟਾਫ ਦੇ ਨਾਲ ਦਫਤਰ ਦੇ ਮੁੱਖ ਗੇਟ ਉੱਤੇ ਆ ਕੇ ਪ੍ਰਧਾਨ ਤੇ ਸਾਥੀਆਂ ਨੂੰ ਆਵਾਜ਼ ਦਿੱਤੀ ਅਤੇ ਮੀਟਿੰਗ ਵਿੱਚ ਹਾਜ਼ਰ ਹੋਣ ਦਾ ਸੱਦਾ ਦਿੱਤਾ, ਪਰ ਉਹ ਨਹੀਂ ਆਏ। ਇਸ ਪਿੱਛੋਂ ਮਤਾ ਪਾਸ ਕਰ ਕੇ ਪ੍ਰਧਾਨ ਸੂਰਜ ਭਾਨ ਨੂੰ ਅਹੁਦੇ ਤੋਂ ਹਟਾ ਦਿੱਤਾ ਗਿਆ।

# ਡਰੱਗ ਇੰਸਪੈਕਟਰ ਦੇ ਕਤਲ ਪਿੱਛੋਂ ਕਾਤਲ ਵੱਲੋਂ ਖੁਦਕੁਸ਼ੀ

ਖਰੜ, 31 ਮਾਰਚ (ਪੋਸਟ ਬਿਊਰੋ)- ਸਿਵਲ ਹਸਪਤਾਲ ਖਰੜ ਦੇ ਡਰੱਗ ਫੂਡ ਐਂਡ ਕੈਮੀਕਲ ਟੈਸਟਿੰਗ ਲੈਬਾਰਟਰੀ ਵਿਖੇ ਇੱਕ ਅਣਪਛਾਤੇ ਵਿਅਕਤੀ ਨੇ ਮਹਿਲਾ ਡਰੱਗ ਇੰਸਪੈਕਟਰ ਡਾਕਟਰ ਨੇਹਾ ਸ਼ੌਰੀ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ ਹੈ, ਜਿਸ ਦੇ ਪਿਛੇ ਸਨਸਨੀਖੇਜ਼ ਮਾਮਲਾ ਜਾਪਦਾ ਹੈ। ਮਿਲੀ ਜਾਣਕਾਰੀ ਮੁਤਾਬਕ ਉਕਤ ਵਿਅਕਤੀ ਕੱਲ੍ਹ ਸਵੇਰੇ ਲਗਭਗ 11.30 ਵਜੇ ਲੈਬਾਰਟਰੀ ਦੀ ਪਹਿਲੀ ਮੰਜ਼ਿਲ 'ਤੇ ਡਾਕਟਰ ਨੇਹਾ ਦੇ ਦਫਤਰ ਵਿੱਚ ਗਿਆ ਅਤੇ ਡਾਕਟਰ ਨੇਹਾ ਦੀ ਛਾਤੀ ਵਿੱਚ ਤਿੰਨ ਚਾਰ ਗੋਲੀਆਂ ਮਾਰ ਕੇ ਲੈਬ 'ਚੋਂ ਦੌੜ ਗਿਆ। ਫਿਰ ਜਦੋਂ ਉਸ ਨੇ ਆਪਣੇ ਮੋਟਰ ਸਾਈਕਲ 'ਤੇ ਸਵਾਰ ਹੋ ਕੇ ਫਰਾਰ ਹੋਣ ਦੀ ਕੋਸ਼ਿਸ਼ ਕੀਤੀ ਤਾਂ ਲੈਬ ਦੇ ਸਟਾਫ ਮੈਂਬਰਾਂ ਅਤੇ ਹੋਰ ਲੋਕਾਂ ਨੇ ਘੇਰ ਲਿਆ। ਉਸ ਨੇ ਪਹਿਲਾਂ ਪਿਸਤੌਲ ਦਿਖਾ ਕੇ ਸਭ ਨੂੰ ਡਰਾਉਣ ਦੀ ਕੋਸ਼ਿਸ਼ ਕੀਤੀ, ਪਰ ਵਾਹ ਨਾ ਚੱਲਦੀ ਦੇਖ ਉਸ ਨੇ ਆਪਣੇ ਮੱਥੇ ਵਿੱਚ ਗੋਲੀ ਮਾਰ ਲਈ। ਉਸ ਦੀ ਬਾਅਦ ਵਿੱਚ ਪੀ ਜੀ ਆਈ ਚੰਡੀਗੜ੍ਹ ਵਿੱਚ ਮੌਤ ਹੋ ਗਈ। ਸੂਚਨਾ ਮਿਲਣ 'ਤੇ ਡੀ ਐੱਸ ਪੀ ਖਰੜ ਦੀਪ ਕਮਲ ਅਤੇ ਫਿਰ ਐੱਸ ਐੱਸ ਪੀ ਹਰਚਰਨ ਸਿੰਘ ਭੁੱਲਰ ਨੇ ਘਟਨਾ ਵਾਲੀ ਥਾਂ ਦਾ ਦੌਰਾ ਵੀ ਕੀਤਾ।


**AZ ਡਰਾਇਵਰਾਂ ਦੀ ਲੋੜ ਹੈ**

"New Drivers are welcome"

- ਵਧੀਆ ਤਨਖਾਹ
- ਆਟੋਪਾਰਟਸ ਲਈ
- ਆਟੋਮੈਟਿਕ ਟੱਰਕ



ਟੀਮ ਡਰਾਇਵਰਾਂ ਦੀ Texas, USA ਲਈ ਡੈਡੀਕੇਟਡ ਰਨ ਲਈ ਲੋੜ ਹੈ

**647.456.8520 | 416.904.0715**






**Matrimonial**
ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਾਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

ਜੱਟ ਸਿੱਖ ਗਿੱਲ ਲੜਕਾ, ਉਮਰ 31 ਸਾਲ, ਕੱਦ 5'6", ਪਿਛਲੇ 10 ਸਾਲਾਂ ਤੋਂ ਦੁਬਈ ਵਿੱਚ ਟੱਰਕ ਚਲਾ ਰਿਹ ਲੜਕੇ ਲਈ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 00918699923074 । 00971559436629(Whatsapp)

Jat Sikh Boy, 23, 6'3", vegetarian, student in Canada. Canadian PR or Citizen preferred.
For more details kindly contact 216-556-2080.

## ਲੜਕੀ ਦੀ ਲੋੜ

A handsome, slim & athletic Senior Software Engineer in a Toronto Bank, M.S from USC, California, Cultured, Never Married Canadian Permanent Resident, June 1980/5'7", owns house, seeks a suitable slim, cultured, professionally qualified match below 36. MUST Email BHP to sb2can@gmail.com / 6477455075

ਜੱਟ ਸਿੱਖ ਸੇਖੋਂ ਲੜਕਾ ਉਮਰ 36 ਸਾਲ, ਕੱਦ 5'-8", ਕੇਸ਼ਧਾਰੀ ਤੇ ਨਸ਼ੀਆਂ ਤੋਂ ਦੂਰ, A.Z Driver, Divorced ਲੜਕੇ ਲਈ Student/citizen ਜਾਂ ਵੀਜ਼ਿਟਰ ਵਿਜ਼ੇ ਤੇ ਆਈ ਲੜਕੀ ਦੀ ਲੋੜ ਹੈ।
ਸੰਪਰਕ ਕਰੋ- 647-456-8667 । joraward96@gmail.com

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਉਮਰ 28 ਸਾਲ, ਕੱਦ 5'9", ਚੰਗੀ ਜੋਬ ਲਈ ਕੈਨੇਡੀਅਨ ਇੰਮੀਗਰੇਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-524-6505

ਧਾਲੀਵਾਲ ਜੱਟ ਸਿੱਖ ਲੜਕਾ, ਵਿਜ਼ਟਰ ਵੀਜ਼ਾ, 27 ਸਾਲ, ਲਈ ਲੜਕੀ ਦੀ ਲੋੜ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ- 647-237-5343, 647-688-4149

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

## ਲੜਕੇ ਦੀ ਲੋੜ

Jat sikh virk family looking for a well educated,tall & handome canadian citizen/Immigrant , never married vegetarian, non-drinker match for their 36 years old, 5-6" tall never married well educated and working in reputed bank, spiritual and family oriented daughter. Please send your picture at jeetk1631@gmail.com or call between Weekdays 6pm till 9pm; weekend 8 am to 9 pm and at 647-562-1631. Marriage bureau please stay away. 1 week

ਜੱਟ ਸਿੱਖ ਲੱੜਕੀ, ਉਮਰ 27 ਸਾਲ, ਕੱਦ 5'-5", ਡਾਕਟਰ (M.D), ਕਨੇਡੀਅਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਡਾਕਟਰ ਜਾਂ ਵਧੀਆ ਨੌਕਰੀ ਕਰਦਾ ਸਿਟੀਜ਼ਨ ਲੜਕੇ ਦੀ ਚਾਹੀਦਾ ਹੈ। ਸੰਪਰਕ ਕਰੋ: 647-701-9163, 905-915-3043

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5'-4", +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

Tonk Kshatriya parents seeking a suitable match for their Canadian born girl, 34 yrs old, 5'3" tall, educated in accounting. The boy should be hindu punjabi, attractive, athletic, vegetarian, educated. Plz send biodata with recent pictures. E -mail: matri.response2018@gmail. com

## ਲੜਕੇ ਦੀ ਲੋੜ

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6", Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ।
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
+91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076


Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ





ਕੈਨੇਡੀਅਨ ਪੰਜਾਬੀ ਪੋਸਟ
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ





**Wanted Office Clerk & Office Administrator**

- Fluent in English & Hindi are essential
- Good communication skills
- Good computer skills
- Willing to work in a fast paced work environment.

Please Email Resume at: molly@jfgroup.ca

**Cell n Tell Distribution Inc.**
1-401 Traders Blvd E, Mississauga, ON

Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.


- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

**STARLANE PAINTING**
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ

ਹਰਜੀਤ ਘੱਈਆ
416.230.4000 • 647.409.1092
www.STARLANEPAINTING.com

# ਸਿਪਾਹੀ ਦੀ ਮੌਤ ਲਈ ਓਦੋਂ ਦੇ ਐਸ ਐਚ ਓ ਸਮੇਤ ਬਾਕੀ ਦੋਸ਼ੀ ਗ੍ਰਿਫਤਾਰ



ਰੂਪਨਗਰ, 31 ਮਾਰਚ (ਪੋਸਟ ਬਿਊਰੋ)- ਸਾਲ 1993 ਵਿੱਚ ਕਾਂਸਟੇਬਲ ਦੀ ਪੁਲਸ ਮੁਕਾਬਲੇ ਦੀ ਮੌਤ ਬਾਰੇ ਜੁਡੀਸ਼ਲ ਮੈਜਿਸਟਰੇਟ ਫਸਟ ਕਲਾਸ ਹਰੀਸ਼ ਕੁਮਾਰ ਦੀ ਅਦਾਲਤ ਵਿੱਚ ਚੱਲਦੇ ਕੇਸ ਵਿੱਚ ਅਦਾਲਤ ਨੇ ਪੁਲਸ ਵਾਲੇ ਦੋਸ਼ੀਆਂ ਨੂੰ ਧਾਰਾ 302 ਹੇਠ ਗ੍ਰਿਫਤਾਰ ਕਰ ਕੇ ਮਾਮਲਾ ਸੈਸ਼ਨ ਕੋਰਟ ਨੂੰ ਭੇਜ ਦਿੱਤਾ ਹੈ। ਇਸ ਕੇਸ ਵਿੱਚ ਉਸ ਵਕਤ ਦੇ ਐੱਸ ਐੱਚ ਓ ਹਰਪਾਲ ਸਿੰਘ (ਇਸ ਵੇਲੇ ਸੇਵਾ ਮੁਕਤ ਐੱਸ ਪੀ), ਏ ਐੱਸ ਆਈ ਸੰਤੋਖ ਸਿੰਘ, ਏ ਐੱਸ ਆਈ ਗੁਰਨਾਮ ਸਿੰਘ, ਹਵਾਲਦਾਰ ਇਕਬਾਲ ਮੁਹੰਮਦ, ਸਿਪਾਹੀ ਮਹਿੰਦਰ ਸਿੰਘ, ਸਿਪਾਹੀ ਸੁਖਵਿੰਦਰ ਲਾਲ, ਸਿਪਾਹੀ ਪਰਮੇਲ ਸਿੰਘ, ਸਿਪਾਹੀ ਰਾਜਿੰਦਰ ਸਿੰਘ ਤੇ ਸਿਪਾਹੀ ਜਸਵਿੰਦਰ ਸਿੰਘ ਅਤੇ ਇੱਕ ਔਰਤ ਮਹਿੰਦਰ ਕੌਰ ਨੂੰ ਸਾਲ 2002 ਵਿੱਚ ਪਰਮਜੀਤ ਸਿੰਘ ਵੱਲੋਂ ਪਾਈ ਫੌਜਦਾਰੀ ਸ਼ਿਕਾਇਤ ਵਿੱਚ ਅਦਾਲਤ ਨੇ ਦੋਸ਼ ਆਇਦ ਕੀਤੇ ਸਨ, ਪਰ ਕੱਲ੍ਹ ਅਦਾਲਤ ਨੇ ਇਨ੍ਹਾਂ ਉੱਤੇ ਕਤਲ ਦੀ ਧਾਰਾ 302 ਲਾਗੂ ਕਰਨ ਦੇ ਲਈ ਮਾਮਲਾ ਸੈਸ਼ਨ ਜੱਜ ਕੋਲ ਭੇਜ ਦਿੱਤਾ ਹੈ।

ਇਸ ਬਾਰੇ ਦੱਸਿਆ ਗਿਆ ਹੈ ਕਿ ਮਹਿੰਦਰ ਕੌਰ ਦੇ ਘਰ ਨੌਂ ਜੁਲਾਈ 1993 ਨੂੰ ਪਿੰਡ ਮੌਜ਼ਲੀਪੁਰ ਦਾ ਸਿਪਾਹੀ ਪਰਮਜੀਤ ਸਿੰਘ ਪੰਜ ਹਜ਼ਾਰ ਰੁਪਏ ਲੈਣ ਗਿਆ ਸੀ, ਜਿਸ ਦਾ ਪੁਲਸ ਨੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਅਤੇ ਬਾਅਦ ਵਿੱਚ ਉਸ ਦਾ ਆਈ-ਕਾਰਡ ਦੇਖ ਕੇ ਪਤਾ ਲੱਗਾ ਸੀ ਕਿ ਉਹ ਪੁਲਸ ਕਰਮਚਾਰੀ ਹੈ। ਫਿਰ ਥਾਣਾ ਚਮਕੌਰ ਸਾਹਿਬ ਦੀ ਪੁਲਸ ਨੇ ਅਣਪਛਾਤੇ ਲੋਕਾਂ ਦੇ ਵਿਰੁੱਧ ਕੇਸ ਦਰਜ ਕਰਵਾ ਦਿੱਤੀ ਸੀ, ਪਰ ਮ੍ਰਿਤਕ ਦੇ ਦਾਦਾ ਦਲਜੀਤ ਨੇ ਅਦਾਲਤ ਵਿੱਚ ਅਸਲ ਦੋਸ਼ੀਆਂ ਵਿਰੁੱਧ ਕਤਲ ਦੇ ਕੇਸ ਲਈ ਸ਼ਿਕਾਇਤ ਦਰਜ ਕਰਵਾਈ ਸੀ ਜਿਸ ਕਾਰਨ ਅਦਾਲਤ ਨੇ ਸਾਲ 2009 ਵਿੱਚ ਦੋਸ਼ੀਆਂ 'ਤੇ ਧਾਰਾ 304 ਏ ਅਤੇ 120 ਬੀ ਦੇ ਦੋਸ਼ ਲਾਗੂ ਕੀਤੇ ਸਨ। ਇਸ ਕੇਸ ਵਿੱਚ ਧਾਰਾ 302 ਨਾ ਲੱਗਣ ਕਰ ਕੇ ਸ਼ਿਕਾਇਤ ਕਰਤਾ ਨੇ ਹਾਈ ਕੋਰਟ ਤੱਕ ਪਹੁੰਚ ਕੀਤੀ ਤਾਂ ਹਾਈ ਕੋਰਟ ਨੇ ਹੇਠਲੀ ਅਦਾਲਤ ਨੂੰ ਹੀ ਕਾਰਵਾਈ ਦੀਆਂ ਹਦਾਇਤਾਂ ਦਿੱਤੀਆਂ ਅਤੇ ਇਸ ਵਿੱਚ ਧਾਰਾ 302 ਦਾ ਕੇਸ ਬਣਦਾ ਨਿਕਲਿਆ ਸੀ। ਇਸ ਪਿੱਛੋਂ ਇਹ ਕੇਸ ਵਧੀਕ ਸੈਸ਼ਨ ਜੱਜ ਕੋਲ ਭੇਜਿਆ ਗਿਆ ਜਿੱਥੇ ਦੋਸ਼ੀਆਂ ਨੇ ਇਸ ਅਦਾਲਤ ਵਿੱਚ ਜ਼ਮਾਨਤ ਅਰਜ਼ੀ ਦਾਇਰ ਕੀਤੀ, ਪਰ ਅਦਾਲਤ ਨੇ ਸੁਣਵਾਈ ਲਈ ਦੋ ਅਪ੍ਰੈਲ ਤੈਅ ਕੀਤੀ ਹੈ।

## ਇਸ਼ਤਿਹਾਰ ਦੇਖ ਕੇ ਮੋਟੀ ਕਮਾਈ ਕਰਨ ਦਾ ਝਾਂਸਾ, ਲੱਖਾਂ ਲੋਕਾਂ ਨਾਲ ਠੱਗੀ

ਅਬੋਹਰ, 31 ਮਾਰਚ (ਪੋਸਟ ਬਿਊਰੋ)- 15-15 ਸੈਕਿੰਡ ਦੇ ਦਸ ਇਸ਼ਤਿਹਾਰ ਦੇਖ ਕੇ ਕਮਾਈ ਕਰਨ ਦੇ ਚੱਕਰ ਵਿੱਚ ਲੱਖਾਂ ਲੋਕਾਂ ਨਾਲ ਆਨਲਾਈਨ ਠੱਗੀ ਦਾ ਭੇਦ ਖੁੱਲ੍ਹਾ ਹੈ, ਜਿਸ ਦੀ ਜਾਂਚ ਕੀਤੀ ਜਾ ਰਹੀ ਹੈ।

ਅਬੋਹਰ ਦੀ ਇੱਕ ਐਡ ਕੰਪਨੀ ਨੇ ਕਰੀਬ ਛੇ ਮਹੀਨੇ ਪਹਿਲਾਂ ਜੈਨ ਨਗਰੀ ਰੋਡ ਉੱਤੇ ਦਫਤਰ ਖੋਲ੍ਹ ਕੇ ਦੋ-ਦੋ ਹਜ਼ਾਰ ਰੁਪਏ ਜਮ੍ਹਾ ਕਰਵਾ ਕੇ ਲੱਖਾਂ ਲੋਕਾਂ ਨੂੰ ਆਨਲਾਈਨ ਮੈਂਬਰ ਬਣਾਇਆ। ਇਹੀ ਲੋਕ ਕੰਪਨੀ 'ਤੇ ਧੋਖਾਧੜੀ ਦੇ ਦੋਸ਼ ਲਾ ਰਹੇ ਹਨ। ਕੰਪਨੀ ਦੇ ਮਾਲਕ ਨੇ ਲੋਕਾਂ ਦੇ ਸਾਹਮਣੇ ਆਉਣ ਦੀ ਥਾਂ ਯੂ-ਟਿਊਬ 'ਤੇ ਭੁਗਤਾਨ ਲਈ ਤਿੰਨ ਮਹੀਨੇ ਦਾ ਸਮਾਂ ਮੰਗਿਆ ਹੈ। ਇਹ ਕੰਪਨੀ ਲੋਕਾਂ ਨੂੰ ਮੋਟੀ ਕਮਾਈ ਦਾ ਝਾਂਸਾ ਦਿੰਦੀ ਸੀ ਕਿ ਪੰਜ ਤੋਂ ਸੱਤ ਮਿੰਟ ਤੱਕ ਮੋਬਾਈਲ ਜਾਂ ਕੰਪਿਊਟਰ ਉੱਤੇ ਆਨਲਾਈਨ ਇਸ਼ਤਿਹਾਰ ਦੇਖਣ ਦੇ ਬਦਲੇ 35 ਰੁਪਏ ਰੋਜ਼ ਮਿਲਿਆ ਕਰਨਗੇ। ਕੰਪਨੀ ਨੇ ਆਪਣੇ ਹਰ ਮੈਂਬਰ ਨੂੰ ਇਹ ਵੀ ਲਾਲਚ ਦਿੱਤਾ ਕਿ ਜੋ ਮੈਂਬਰ ਆਪਣੇ ਰੈਫਰਲ ਕੋਡ ਨਾਲ ਕਿਸੇ ਹੋਰ ਨੂੰ ਜੋੜੇਗਾ, ਉਸ ਦੀ ਦੋ ਹਜ਼ਾਰ ਰੁਪਏ ਮੈਂਬਰਸ਼ਿਪ ਵਿੱਚੋਂ ਛੇ ਸੌ ਰੁਪਏ ਜੋੜਨ ਵਾਲਿਆਂ ਨੂੰ ਮਿਲਣਗੇ ਤੇ ਜੁੜਨ ਵਾਲੇ ਨਵੇਂ ਮੈਂਬਰ ਨੂੰ ਵੀ ਰੋਜ਼ ਦਸ ਰੁਪਏ ਮਿਲਿਆ ਕਰਨਗੇ। ਸ਼ੁਰੂ-ਸ਼ੁਰੂ ਵਿੱਚ ਕੰਪਨੀ ਨੇ ਮੈਂਬਰਾਂ ਨੂੰ ਹਰ ਮਹੀਨੇ ਇਹ ਰਾਸ਼ੀ ਦਿੱਤੀ, ਪਰ ਪਿਛਲੇ ਇੱਕ ਮਹੀਨੇ ਤੋਂ ਕਿਸੇ ਨੂੰ ਕੋਈ ਭੁਗਤਾਨ ਨਹੀਂ ਕੀਤਾ। ਹਰਿਦੁਆਰ ਦੇ ਸੰਜੇ ਅਗਰਵਾਲ ਨੇ ਦੱਸਿਆ ਕਿ ਕਰੀਬ ਪੰਜਾਹ ਹਜ਼ਾਰ ਰੁਪਏ ਤਾਂ ਉਨ੍ਹਾਂ ਦੇ ਹੀ ਫਸੇ ਹਨ। ਜੈਨ ਨਗਰੀ ਰੋਡ 'ਤੇ ਕੰਪਨੀ ਦੇ ਦਫਤਰ ਵਿੱਚ ਪਿਛਲੇ ਤਿੰਨ ਦਿਨ ਤੋਂ ਕੋਈ ਨਹੀਂ ਆਇਆ। ਦੂਸਰੇ ਪਾਸੇ ਕੰਪਨੀ ਦੇ ਐੱਮ ਡੀ ਨੇ ਦੋ ਦਿਨ ਪਹਿਲਾਂ ਯੂ ਟਿਊਬ ਰਾਹੀਂ ਮੈਂਬਰਾਂ ਨੂੰ ਕਿਹਾ ਕਿ ਆਰ ਬੀ ਆਈ ਨੇ ਉਨ੍ਹਾਂ ਦੇ ਖਾਤੇ ਸੀਜ਼ ਕਰ ਦਿੱਤੇ ਹਨ, ਜਿਸ ਕਾਰਨ ਮੁਸ਼ਕਲ ਆ ਰਹੀ ਹੈ।

# ਵਿਦੇਸ਼ ਭੇਜਣ ਦੇ ਨਾਂਅ ਉੱਤੇ ਠੱਗੀ ਬਾਰੇ ਟਰੈਵਲ ਏਜੰਟ ਵਿਰੁੱਧ ਕੇਸ ਦਰਜ



ਭੋਗਪੁਰ, 31 ਮਾਰਚ (ਪੋਸਟ ਬਿਊਰੋ)- ਇੱਕ ਟਰੈਵਲ ਏਜੰਟ ਵੱਲੋਂ ਦੋ ਨੌਜਵਾਨਾਂ ਨੂੰ ਮਲੇਸ਼ੀਆ ਵਿੱਚ ਵਰਕ ਪਰਮਿਟ ਦਿਵਾਉਣ ਦੇ ਨਾਂਅ ਉਤੇ ਤਿੰਨ ਲੱਖ 15 ਹਜ਼ਾਰ ਰੁਪਏ ਦੀ ਠੱਗੀ ਦੇ ਦੋਸ਼ਾਂ ਹੇਠ ਥਾਣਾ ਭੋਗਪੁਰ ਵਿੱਚ ਕੇਸ ਦਰਜ ਕੀਤਾ ਗਿਆ ਹੈ, ਜਿਸ ਦੀ ਅੱਗੇ ਜਾਂਚ ਕੀਤੀ ਜਾ ਰਹੀ ਹੈ।

ਰਮਨਦੀਪ ਪੁੱਤਰ ਰਾਮ ਲਾਲ ਵਾਸੀ ਢੱਡਾ ਸਨੌਰਾ ਥਾਣਾ ਭੋਗਪੁਰ ਨੇ ਐਸ ਐਸ ਪੀ ਜਲੰਧਰ ਨੂੰ ਨਵੰਬਰ 2018 'ਚ ਸ਼ਿਕਾਇਤ ਭੇਜ ਕੇ ਲਿਖਿਆ ਸੀ ਕਿ ਉਸ ਦੀ ਪਛਾਣ ਸੰਜੀਵ ਕੁਮਾਰ ਉਰਫ ਸੋਨੂੰ ਪੁੱਤਰ ਬੂਟਾ ਰਾਮ ਵਾਸੀ ਡੱਲਾ ਭੋਗਪੁਰ ਨਾਲ ਅਕਤੂਬਰ 20178 ਵਿੱਚ ਹੋਈ ਸੀ। ਏਜੰਟ ਸੋਨੂੰ ਨੇ ਸ਼ਿਕਾਇਤ ਕਰਤਾ ਨੂੰ ਦੱਸਿਆ ਸੀ ਕਿ ਉਹ ਟ੍ਰੈਵਲ ਏਜੰਟ ਦਾ ਕੰਮ ਕਰਦਾ ਹੈ ਅਤੇ ਸ਼ਿਕਾਇਤ ਕਰਤਾ ਨੂੰ ਮਲੇਸ਼ੀਆ ਵਰਕ ਪਰਮਿਟ ਉਤੇ ਭੇਜ ਦੇਵੇਗਾ, ਪਰ ਦੋ ਲੱਖ ਰੁਪਏ ਮਲੇਸ਼ੀਆ ਭੇਜਣ ਲਈ ਲੈਂਦਾ ਹੈ, ਫਿਰ ਵੀ ਜਾਣ ਪਛਾਣ ਹੋਣ ਕਾਰਨ ਉਹ ਘੱਟ ਪੈਸੇ ਲਵੇਗਾ। ਦੋ ਨਵੰਬਰ 2017 ਨੂੰ ਸ਼ਿਕਾਇਤ ਕਰਤਾ ਨੇ 75 ਹਜ਼ਾਰ ਰੁਪਏ ਅਤੇ ਇੱਕ ਦਿਨ ਬਾਅਦ ਪਾਸਪੋਰਟ ਅਤੇ ਬਾਕੀ ਪੈਸੇ ਉਕਤ ਟਰੈਵਲ ਏਜੰਟ ਦੇ ਦਫਤਰ ਜਾ ਕੇ ਦੇ ਦਿੱਤੇ। ਏਜੰਟ ਨੇ ਸ਼ਿਕਾਇਕ ਤਰਤਾ ਤੇ ਗੁਰਵਿੰਦਰ ਸਿੰਘ ਪੁੱਤਰ ਸਤਨਾਮ ਸਿੰਘ ਵਾਸੀ ਢੱਡਾ ਸਨੌਰਾ ਦੀ ਅਗਲੇ ਦਿਨ ਮਲੇਸ਼ੀਆ ਦੀ ਫਲਾਈਟ ਕਰਵਾ ਦਿੱਤੀ। ਦੋਵੇਂ ਜਣੇ ਜਦੋਂ ਮਲੇਸ਼ੀਆ ਪਹੁੰਚੇ ਤਾਂ ਇਮੀਗਰੇਸ਼ਨ ਵਾਲੇ ਅਧਿਕਾਰੀਆਂ ਨੇ ਉਨ੍ਹਾਂ ਕੋਲੋਂ ਸੱਤ-ਸੱਤ ਸੌ ਡਾਲਰ ਮੰਗੇ। ਇਨ੍ਹਾਂ ਦੋਵਾਂ ਨੌਜਵਾਨਾਂ ਨੇ ਅੱਠ ਸੌ ਡਾਲਰ ਅਧਿਕਾਰੀਆਂ ਨੂੰ ਦੇ ਦਿੱਤੇ। ਅਧਿਕਾਰੀਆਂ ਨੇ ਉਨ੍ਹਾਂ ਨੂੰ ਦੋ ਦਿਨ ਕਮਰੇ ਵਿੱਚ ਬੰਦ ਰੱਖਿਆ ਅਤੇ ਤੀਸਰੇ ਦਿਨ ਵਾਪਸ ਭੇਜ ਦਿੱਤਾ। ਜਦੋਂ ਦੋਵੇਂ ਨੌਜਵਾਨ ਵਾਪਸ ਆ ਕੇ ਏਜੰਟ ਨੂੰ ਮਿਲੇ ਅਤੇ ਪੈਸੇ ਵਾਪਸ ਕਰਨ ਦੀ ਮੰਗ ਕੀਤੀ ਤਾਂ ਏਜੰਟ ਨੇ ਉਨ੍ਹਾਂ ਨੂੰ ਪੈਸਾ ਵਾਪਸ ਨਾ ਕੀਤਾ। ਸ਼ਿਕਾਇਤ ਕਰਤਾਵਾਂ ਨੇ ਏਜੰਟ ਸੰਜੀਵ ਕੁਮਾਰ ਦੇ ਖਿਲਾਫ ਸ਼ਿਕਾਇਤ ਥਾਣਾ ਮੁਖੀ ਭੋਗਪੁਰ ਨੂੰ ਦਿੱਤੀ। ਪੁਲਸ ਦੀ ਮੌਜੂਦਗੀ ਵਿੱਚ ਦੋਵਾਂ ਧਿਰਾਂ ਦਾ ਰਾਜ਼ੀਨਾਮਾ ਹੋ ਗਿਆ, ਪਰ ਬਾਅਦ ਵਿੱਚ ਏਜੰਟ ਨੇ ਨਾ ਉਨ੍ਹਾਂ ਨੂੰ ਵਿਦੇਸ਼ ਭੇਜਿਆ ਤੇ ਨਾ ਹੀ ਪੈਸੇ ਵਾਪਸ ਕੀਤੇ ਅਤੇ ਉਲਟਾ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਇਸ ਸ਼ਿਕਾਇਤ ਦੀ ਜਾਂਚ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਜਲੰਧਰ ਦਿਹਾਤੀ ਨੂੰ ਸੌਂਪੀ ਗਈ। ਜਾਂਚ ਅਧਿਕਾਰੀ ਨੇ ਰਿਪੋਰਟ ਵਿੱਚ ਲਿਖਿਆ ਕਿ ਸੰਜੀਵ ਕੁਮਾਰ ਉਰਫ ਸੋਨੂੰ ਪੁੱਤਰ ਬੂਟਾ ਰਾਮ ਵਾਸੀ ਡੱਲਾ ਕੋਈ ਅਧਿਕਾਰਤ ਏਜੰਟ ਨਹੀਂ ਹੈ। ਡੀ ਏ ਲੀਗਲ ਦੀ ਰਾਏ ਅਨੁਸਾਰ ਏਜੰਟ ਸੰਜੀਵ ਕੁਮਾਰ ਸੋਨੂੰ ਖਿਲਾਫ ਥਾਣਾ ਭੋਗਪੁਰ ਵਿੱਚ ਧੋਖਾਦੇਹੀ ਅਤੇ ਹੋਰ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਕਰ ਲਿਆ ਗਿਆ ਹੈ।

V4U LOGISTIC INC.
Delivering "Satisfaction"... On Time ...Every Time
NOW HIRING
A/Z Drivers Needed
For Canada To US Runs
Local City Drivers @ 22/hr
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

Get the right INSURANCE for you!
AUTO | HOME | BUSINESS
Life Insurance, Critical Illness,
Disability, Super Visa Insurance,
Travel & Visitor Insurance, Investments
Damanjit S. Kainth (KD) 416.554.1869
damanjit@hotmail.com

BRITANNIA AUTO BODY
We deal with All Major Insurance companies
401 & Dixie Rd
Call: 416.671.7252
6087 Netherhart Rd, #1 & 2, Mississauga, ON L5T 1G5

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Free Blood Pressure Machine for Seniors
*Some conditions apply
ਫਰੀ ਡਲੀਵਰੀ - Free Delivery
Ph: 905-454-2000
51 Mcmurchy Ave (S) Brampton, ON L6Y 1Y5
Near Queen St (W) & Main st (S)

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਕੰਮ ਸੋਮਵਾਰ ਤੋ ਸ਼ਨੀਵਾਰ
• Homely Environment
• Biweekly payment
• ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640


HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਇਉਂ ਵੀ ਵਧ ਜਾਂਦੈ ਬਲੱਡ ਪਰੈਸ਼ਰ..

–ਅਵਤਾਰ ਸਿੰਘ ਬਿਲਿੰਗ

ਜਦੋਂ ਛੋਟਾ ਸਾਂ ਤਾਂ ਬਲੱਡ ਪਰੈਸ਼ਰ ਦਾ ਪਤਾ ਨਹੀਂ ਸੀ। ਖੰਨੇ ਵਾਲਾ ਸਰਬ ਰੋਗ ਕਾ ਇਕੋ ਡਾਕਟਰ ਬੈਜਨਾਥ ਨਬਜ਼ ਦੇਖਦਾ। ਟੂਟੀਆਂ ਲਾ ਕੇ ਛਾਤੀ ਪਿੱਠ ਚੈਕ ਕਰਦਾ। 'ਔ ਰਾਈਟ!' ਆਖਦਾ ਅਤੇ ਬੰਦਾ ਟੱਲੀ ਵਾਂਗ ਟੁਣਕਣ ਲੱਗ ਪੈਂਦਾ। ਪਿਛਲੇ ਦਸ ਕੁ ਸਾਲਾਂ ਤੋਂ ਜਦ ਪਿੰਡ ਦੀਆਂ ਸਾਰੀਆਂ ਔਰਤਾਂ 'ਮੇਰਾ ਤਾਂ ਭਾਈ ਬਲੈਡ ਵਧ ਗਿਐ!' ਆਖਣ ਲੱਗੀਆਂ ਤਾਂ ਯੋਗ ਆਸਣ ਕਰਨ ਦੇ ਬਾਵਜੂਦ ਮੇਰੀ ਬਾਂਹ ਵੀ ਕਾਲਾ ਪਟਾ ਕਸਵਾਉਣ ਦੀ ਆਦੀ ਹੋ ਗਈ। ਡਾਕਟਰ ਬੈਜਨਾਥ ਵਰਗੇ ਮਰੀਜ਼ ਦਾ ਨਾਂ ਲੈ ਕੇ ਅਪਣੱਤ ਦਿਖਾਉਣ ਵਾਲੇ ਸ਼ਖਸ ਕਦੋਂ ਦੇ ਰੱਬ ਨੂੰ ਪਿਆਰੇ ਹੋ ਚੁੱਕੇ ਹਨ।




ਸੱਤ ਕੁ ਸਾਲ ਪਹਿਲਾਂ ਜਦੋਂ ਸਾਡੇ ਖ਼ੂਨ ਦਬਾਅ ਵਾਲਾ ਮੀਟਰ ਘੁੰਮ ਕੇ 150/95 ਉਤੇ ਜਾ ਟਿਕਿਆ ਤਾਂ ਇਕ ਐਮ ਡੀ ਨੇ 40+40 ਪਾਵਰ ਵਾਲੇ ਦੋ ਸਾਲਟਾਂ (ਲੂਣਾਂ) ਵਾਲੀ ਗੋਲੀ ਛਕਣ ਦਾ ਹੁਕਮ ਸੁਣਾ ਦਿੱਤਾ। ਸੂਈ ਬੇਸ਼ੱਕ ਟਿਕਾਣੇ ਆ ਗਈ, ਪਰ ਸਰੀਰ ਬੜਾ ਔਖ ਮੰਨਦਾ ਸੀ। ਹਫਤੇ ਵਿੱਚ ਡਾਕਟਰ ਕੋਲ ਦੋ ਵਾਰ ਫਰਿਆਦ ਕੀਤੀ, ਪਰ ਉਹ ਘੁਰਕਦਾ, 'ਨਹੀਂ! ਠੀਕ ਹੈ। ਇਹੀ ਖਾਣੀ ਪਊ!' ਆਪਾਂ ਲਾਗਲੇ ਸ਼ਹਿਰ ਨਵੀਂ ਉਮਰ ਦੇ ਡਾਕਟਰ ਦੀ ਸਲਾਹ ਲੈਣ ਜਾ ਪਹੁੰਚੇ ਜਿਹੜਾ ਦਸਵੀਂ ਗਿਆਰਵੀਂ ਵਿੱਚ ਮੇਰਾ ਵਿਦਿਆਰਥੀ ਰਿਹਾ ਸੀ। ਉਸ ਨੇ ਦੂਜਾ ਸਾਲਟ ਉਡਾ ਕੇ ਇਕ ਰੱਖ ਲਿਆ। ਸੁੱਖ ਦਾ ਸਾਹ ਆਇਆ। ਦੂਜੇ ਸਾਲ ਸਿਰ ਦੁਖਣ ਲੱਗਾ ਤਾਂ ਇਕ ਹੋਰ ਹਸਤੀ ਨੇ 40+125 ਦੇ ਦੋ ਸਾਲਟ ਲੈਣ ਦਾ ਮਸ਼ਵਰਾ ਦਿੱਤਾ। ਚਾਰ ਪੰਜ ਸਾਲ ਸਰੀਰ ਢੱਡ ਵਾਂਗ ਖੜਕਦਾ ਰਿਹਾ।

ਦੋ ਕੁ ਵਰ੍ਹੇ ਪਹਿਲਾਂ ਅਮਰੀਕਾ ਆਏ ਦਾ ਸਿਰ ਦਰਦ ਕਰਨ ਲੱਗਾ। ਬੀਮਾ ਕੋਈ ਹੈ ਨਹੀਂ ਸੀ। ਇਕ ਮਿੱਤਰ ਕਿਸੇ ਦਾਨੀ ਸੰਸਥਾ ਕਲਿਨਿਕ ਵਿੱਚ ਲੈ ਗਿਆ। ਉਨ੍ਹਾਂ ਨਿਸ਼ਕਾਮ ਡਾਕਟਰ ਨਰਸਾਂ ਨੇ ਚੈਕਅੱਪ ਹੀ ਨਹੀਂ, ਖ਼ੂਨ ਦੇ ਸਾਰੇ ਟੈਸਟ ਵੀ ਫ੍ਰੀ ਕੀਤੇ। ਮੁਫਤੀ ਦੀ ਚੀਜ਼ ਨਾਲ ਆਪਣਾ ਬਲੱਡ ਪਰੈਸ਼ਰ ਉਂਜ ਹੀ ਹੇਠਾਂ ਆ ਜਾਂਦੈ, ਪਰ ਚਾਰ ਪੰਜ ਸਾਲ ਹਰ ਰੋਜ਼ ਖਾਧੀ, ਵਾਧੂ ਪਿਸ਼ਾਬ ਵਧਾਊ ਸਾਡੇ ਬਾਰਾਂ ਪਾਵਰ ਦੀ ਗੋਲੀ ਬੰਦ ਕਰਨੀ ਪਈ। ਉਸ ਨੇ ਸੋਡੀਅਮ ਘਟਾ ਦਿੱਤਾ ਸੀ। ਜੇ ਕਿਤੇ ਪਹਿਲੇ ਸਪੈਸ਼ਲਿਸਟ ਦੀ 40+40 ਖਾਂਦਾ ਹੁੰਦਾ, ਫਿਰ ਕੀ ਬਣਦਾ। ਕਹਿੰਦੇ, ਸੋਡੀਆਮ ਦੀ ਘਾਟ ਨਾਲ ਕਦੇ ਵੀ ਬੇਹੋਸ਼ੀ ਹੋ ਸਕਦੀ। ਸੋ ਫਿਰ ਸਾਡੇ ਵਿਦਿਆਰਥੀ ਡਾਕਟਰ ਵਾਲੀ ਉਹੀ ਸਿੰਗਲ ਚਾਲੀ ਪਾਵਰ ਮਾਰਕਾ ਗੋਲੀ ਚਾਲੂ!

ਬਲੱਡ ਪਰੈਸ਼ਰ ਨਾਲ ਪਈ ਪੱਕੀ ਆੜੀ ਦੇਖ ਕੇ ਮੇਰੇ ਲੜਕੇ ਨੇ ਇਕ ਦਿਨ ਆਟੋਮੈਟਿਕ ਈ ਮਸ਼ੀਨ ਮੁੱਲ ਖਰੀਦ ਲਿਆਂਦੀ। ਸਾਲ ਡੇਢ ਸਾਲ ਸਭ ਕੁਝ ਠੀਕ! ਆਪਾਂ ਭਾਰਤੀ ਨਾਗਰਿਕ, ਆਪਣੀ ਪਿਆਰੀ ਮਾਤਭੂਮੀ ਦੇ ਇਕ ਦੋ ਚੱਕਰ ਵੀ ਕੱਟ ਗਏ। ਦੋ ਕੁ ਮਹੀਨੇ ਪਹਿਲਾਂ ਅੱਧੇ ਸਿਰ ਦਾ ਦਰਦ ਸ਼ੁਰੂ ਹੋਇਆ। ਪੁੱਤਰ ਨੇ ਘਰ ਪਿਆ ਕਾਲਾ ਪਟਾ ਮੇਰੀ ਬਾਂਹ ਉਤੇ ਕੱਸਿਆ। ਆਟੋਮੈਟਿਕ ਮਸ਼ੀਨ ਉਪਰ 190/95 ਦੇ ਹਿੰਦਸੇ ਦਾ ਝਲਕਾਰਾ ਪਿਆ ਤਾਂ ਐਮਰਜੈਂਸੀ ਜਾਣਾ ਬਿਹਤਰ ਸਮਝਿਆ। ਉਨ੍ਹਾਂ ਦੋ ਘੰਟੇ ਵਿੱਚ ਬਿਨਾਂ ਕੋਈ ਫੀਸ ਲਏ ਸਾਰੇ ਟੈਸਟ ਕਰ ਦਿੱਤੇ। ਸਭ ਅੱਛਾ! ਕੋਈ ਕਾਗਜ਼ੀ ਕਾਰਵਾਈ ਨਹੀਂ! ਤੁਰੰਤ ਮਰੀਜ਼ ਦੀ ਸੰਭਾਲ ਕਰਨੀ ਉਨ੍ਹਾਂ ਦੀ ਡਿਊਟੀ ਸੀ। ਮੁਸਕਰਾਉਂਦੇ ਡਾਕਟਰ ਨਰਸਾਂ ਦੀ ਸੰਗਤ ਵਿੱਚ ਬਗੈਰ ਕੋਈ ਗੋਲੀ ਦਿੱਤੇ ਦੋ ਘੰਟਿਆਂ ਵਿੱਚ ਹੀ ਸੂਈ 150 ਉਤੇ ਆਈ ਤਾਂ ਆਪਾਂ ਘਰ ਲਈ ਵੈਰਾਗ ਗਏ।

ਅਗਲੇ ਹਫਤੇ ਜਦੋਂ ਡਾਕ ਰਾਹੀਂ 4000 ਡਾਲਰ ਦਾ ਬਿੱਲ ਖੜਕਦਾ ਘਰ ਆ ਪਹੁੰਚਿਆ ਤਾਂ ਮੇਰੇ ਨਾਲ ਘਰਦਿਆਂ ਦੇ ਬਲੱਡ ਪਰੈਸ਼ਰ ਨੇ ਵੀ ਇਕਦਮ ਛੜੱਪਾ ਮਾਰਿਆ। 'ਡੈਡੀ! ਇਹ ਆਪਾਂ ਨੂੰ ਮੁੰਨ ਕੇ ਰੱਖ ਦੇਣਗੇ! ਤੁਸੀਂ ਇੰਡੀਆ ਜਾ ਕੇ ਆਪਣਾ ਇਲਾਜ ਕਰਵਾ ਆਉ!' ਲੜਕੇ ਨੇ ਸਲਾਹ ਦਿੱਤੀ। ਚਾਰ ਹਜ਼ਾਰ ਵਿੱਚੋਂ ਬਾਈ ਸੌ ਡਾਲਰ ਦਾ ਬਿੱਲ ਤਾਰਨਾ ਹੀ ਪੈਣਾ ਸੀ, ਭਾਵ ਇਕ ਲੱਖ ਅਠੱਤੀ ਹਜ਼ਾਰ ਛੇ ਸੌ ਰੁਪਏ!

'ਉਨ੍ਹਾਂ 4-5 ਸਾਲ ਇਕੋ ਗੋਲੀ ਖੁਆ ਕੇ ਮੇਰਾ ਸੋਡੀਅਮ ਘਟਾ ਦਿੱਤਾ। ਇਕ ਵਾਰੀ ਕਿਸੇ ਸਾਧਾਰਨ ਡਾਕਟਰ ਨੂੰ ਮਿਲ ਤਾਂ ਲਈਏ!' ਆਪਾਂ ਤਰਲਾ ਲਿਆ। ਡਾਕਟਰ ਨੇ ਪਹਿਲਾਂ ਵਾਲੀ ਗੋਲੀ ਬਰਕਰਾਰ ਰੱਖਦਿਆਂ ਇਕ ਮਹੀਨਾ ਉਡੀਕਣ ਲਈ ਆਖਿਆ। ਫਿਰ ਵੀ ਪਹਿਲੇ ਦਿਨ ਦੇ ਡਰ ਦਹਿਲ ਕਾਰਨ ਆਪਾਂ ਪੁੱਤਰ ਦੀ ਗੈਰ ਹਾਜ਼ਰੀ ਵਿੱਚ ਹਰ ਰੋਜ਼ ਸੁਬ੍ਹਾ ਸ਼ਾਮ ਕਾਲਾ ਕਾਲਰ ਸੱਜੇ ਡੌਲੇ ਉਤੇ ਕੱਸਣਾ ਤੇ ਬੀ ਪੀ ਦਾ ਹਿੰਦਸਾ ਕਦੇ 150/90, ਕਦੇ 170/95 ਦਿਖਾਈ ਦੇਣਾ। ਮਹੀਨਾ ਕੌਣ ਉਡੀਕਦਾ! ਵੀਹ ਕੁ ਦਿਨ ਬਾਅਦ ਇਕ ਸਵੇਰ ਫੋਨ ਉਤੇ ਨਰਸ ਦੀ ਮਿੰਨਤ ਕੀਤੀ। ਬਸ ਫੜ ਕੇ ਹਸਪਤਾਲ ਗਿਆ। ਫੀਸ ਵਜੋਂ 35 ਡਾਲਰ ਜਮ੍ਹਾਂ ਕਰਵਾਏ ਤੇ ਡਾਕਟਰ ਮੂਹਰੇ ਜਾ ਬੈਠਾ। ਚੰਗੀ ਤਰ੍ਹਾਂ ਚੈਕਅੱਪ ਹੋਈ। 'ਡਾਕਟਰ ਸਾਹਿਬ! ਤੁਸੀਂ ਮੈਨੂੰ ਉਹੀ ਇੰਡੀਆ ਵਾਲੀ ਸਿਰਫ 40 ਦੀ ਥਾਂ 40+ ਸਾਢੇ ਬਾਰਾਂ ਵਾਲੀ ਕੋਈ ਅਮਰੀਕਨ ਗੋਲੀ ਬਦਲ ਕੇ ਦੇਖ ਲਉ! ਮੈਨੂੰ ਪਿਸ਼ਾਬ ਵੀ ਕੁਝ ਘੱਟ ਆਉਂਦਾ ਲੱਗਦੈ'। ਬਲੱਡ ਪਰੈਸ਼ਰ ਦੀ ਪਾਈ ਦਹਿਸ਼ਤ ਕਾਰਨ ਆਪਾਂ ਸਲਾਹ ਦਿੱਤੀ। ਪਿਸ਼ਾਬ ਦੀ ਸਮੱਸਿਆ ਬਾਰੇ ਗੌਰ ਕਰਦਿਆਂ ਉਸ ਨੇ ਗਭਲੀ ਉਂਗਲੀ ਨਾਲ ਮੇਰੇ ਗਦੂਦ ਚੈਕ ਕੀਤੇ।

'ਤੁਸੀਂ ਕਰਦੇ ਕੀ ਹੋ?' ਦਸਤਾਨਾ ਲਾਹ ਕੇ ਹੱਥ ਧੋਂਦਾ ਡਾਕਟਰ ਮੁਸਕਰਾਇਆ।

'ਲੇਖਕ ਹਾਂ ਜੀ।'

'ਓ ਕੇ..! ਲੇਖਕ ਮਤਲਬ ਚਿੰਤਕ! ਕੋਈ ਫਿਕਰ ਨਹੀਂ! ਗੋਲੀ ਸਿਰਫ 40 ਪਾਵਰ! ਨੋਅ ਸਾਢੇ ਬਾਰਾਂ! ਨੌਟ ਐਟ ਆਲ!'

'ਪਿਸ਼ਾਬ ਦੀ ਗੜਬੜ ਕਿਵੇਂ ਠੀਕ ਹੋਊ?' ਮੈਂ ਫਿਕਰਮੰਦੀ ਜ਼ਾਹਿਰ ਕੀਤੀ।

'ਤੁਹਾਡਾ ਸਭ ਕੁਝ ਸਹੀ ਹੈ, ਸਰ! ਸਿਰਫ ਫਾਲਸ ਫੋਬੀਆ! ਝੂਠਾ ਵਹਿਮ ਸਹਿਮ! ਕਦੇ ਪਿਸ਼ਾਬ ਘੱਟ, ਕਦੇ ਪੇਟ ਭਾਰਾ! ਦਿਮਾਗ ਸਭ ਕੁਝ ਪੈਦਾ ਕਰ ਲੈਂਦਾ!' ਤਜਰਬੇਕਾਰ ਡਾਕਟਰ ਸਮਝਾਉਣ ਲੱਗਾ। ਬੀ ਪੀ ਚੈਕ ਕਰਨਾ ਤਾਂ ਸਦਾ ਖੱਬੇ ਪਾਸੇ ਕਰਨਾ! ਖੁਰਾਕ ਬਾਰੇ, ਵਰਜਿਸ਼ ਬਾਰੇ ਵੀ ਡਾਕਟਰ ਦੱਸਦਾ ਰਿਹਾ। ਅਖੀਰ ਉਸ ਨੇ ਸਿੱਟਾ ਕੱਢਿਆ, 'ਮੇਰੇ ਪਿਆਰੇ ਚਿੰਤਕ! ਲੇਖਕ ਨੇ ਚਿੰਤਨ ਸੁਸਾਇਟੀ ਦਾ ਕਰਨਾ ਹੁੰਦਾ, ਤੁਸੀਂ ਸਮਾਜ ਦੀ ਬਜਾਏ ਆਪਣੀ, ਤੇ ਉਹ ਵੀ ਬਹੁਤ ਜ਼ਿਆਦਾ ਆਪਣੇ ਸਰੀਰ ਦੀ ਚਿੰਤਾ ਕਰਨ ਲੱਗ ਪਏ। ਅਸੀਂ ਸਭ ਕੁਝ ਚੈਕ ਕਰ ਲਿਆ ਹੈ। ਬਲੱਡ ਪਰੈਸ਼ਰ ਤੁਹਾਡਾ ਨਹੀਂ, ਤੁਹਾਡੀ ਮੂਰਖ ਮਸ਼ੀਨ ਦਾ ਵਧਿਆ ਹੈ। ਇਹਨੂੰ ਸੁੱਟ ਦਿਓ! ਨੋ ਘਰੇਲੂ ਚੈਕਅੱਪ! ਜਿਹੜਾ ਰੋਜ਼ ਯੋਗ ਕਰਦਾ, ਪਰਹੇਜ਼ ਨਾਲ ਖਾਂਦਾ ਸੌਂਦਾ ਤੇ ਸੈਰ ਲਈ ਨਿਕਲਦਾ, ਉਹਨੂੰ ਛੇਤੀ ਕੀਤੇ ਕੁਝ ਨਹੀਂ ਹੁੰਦਾ। ਮੈਂ ਯਕੀਨ ਦਿਵਾਉਂਦਾ ਹਾਂ। ਕੋਈ ਹੋਰ ਸਵਾਲ?'

'ਪਰ ਤਿੰਨ ਮਹੀਨੇ ਤੋਂ ਪਹਿਲਾਂ ਐਵੇਂ ਨਹੀਂ ਹਸਪਤਾਲ 'ਚ ਤੁਰੇ ਫਿਰਨਾ!' ਮੇਰੀ ਪਿਆਰੀ ਬਿਮਾਰ ਈ ਮਸ਼ੀਨ ਮੇਰੇ ਹਵਾਲੇ ਕਰਦਿਆਂ ਡਾਕਟਰ ਖੁੱਲ੍ਹ ਕੇ ਹੱਸਿਆ। ਲਉ ਜੀ, ਉਸ ਦਿਨ ਤੋਂ ਆਪਾਂ ਠੀਕ ਠਾਕ ਹਾਂ! ਚੀਨੀ ਮੂਲ ਦੇ ਉਸ ਡਾਕਟਰ ਨੂੰ ਮਿਲਣ ਲਈ ਮੈਨੂੰ ਨਾਨਕੀ ਜਾਣ ਜਿੰਨਾ ਚਾਅ ਚੜ੍ਹਦਾ ਹੈ ਅਤੇ ਮਿਲਣ ਪਿੱਛੋਂ ਮਿਲਦੀ ਹੈ ਮੇਰੇ ਬਚਪਨ ਦੇ ਡਾਕਟਰ ਬੈਜਨਾਥ ਜਿਹੀ ਤਸੱਲੀ!

## ਮਿੰਨੀ ਕਹਾਣੀਆਂ

### ਸੇਕ

–ਮਾ. ਸੁਖਵਿੰਦਰ ਦਾਨਗੜ੍ਹ

ਰਾਜਕਮਲ ਨੂੰ ਗੀਤ ਲਿਖਣ ਦਾ ਬਹੁਤ ਸ਼ੌਕ ਸੀ। ਉਸ ਦੇ ਗੀਤ ਬਹੁਤ ਸਾਰੇ ਕਲਾਕਾਰਾਂ ਨੇ ਗਾਏ ਵੀ ਸਨ। ਅੱਜ ਰਾਜਕਮਲ ਘਰ ਆਇਆ ਤਾਂ ਉਸ ਦੇ ਪੈਰ ਧਰਤੀ 'ਤੇ ਨਹੀਂ ਲੱਗ ਰਹੇ ਸਨ। ਆਉਣ ਸਾਰ ਉਹ ਮਾਂ ਨੂੰ ਗਲਵਕੜੀ 'ਚ ਲੈ ਕੇ ਕਹਿਣ ਲੱਗਾ, 'ਮਾਂ, ਅੱਜ ਜਾਗੀ ਐ ਤੇਰੇ ਪੁੱਤ ਦੀ ਕਿਸਮਤ। ਇਕ ਗੀਤ ਬਹੁਤ ਹੀ ਮਸ਼ਹੂਰ ਗਾਇਕ ਨੂੰ ਪਸੰਦ ਆ ਗਿਆ, ਹੁਣ ਤਾਂ ਮੇਰਾ ਨਾਂ ਪੂਰੀ ਦੁਨੀਆ ਵਿੱਚ ਛਾਅ ਜਾਣਾ ਹੈ।'

ਇਹ ਸੁਣ ਕੇ ਕੋਲ ਖੜੀ ਉਸ ਦੀ ਭੈਣ ਸੰਮੀ ਨੂੰ ਵੀ ਚਾਅ ਚੜ੍ਹ ਗਿਆ। ਉਹ ਰਾਜਕਮਲ ਨੂੰ ਕਹਿਣ ਲੱਗੀ, 'ਵਾਹ! ਮੁਬਾਰਕਾਂ ਵੀਰੇ, ਲੱਖ-ਲੱਖ ਸ਼ੁਕਰ ਐ ਦਾਤੇ ਦਾ, ਕਿਹੜਾ ਗੀਤ ਪਸੰਦ ਆਇਐ।'

ਭੈਣ ਦੇ ਪੁੱਛੇ ਸਵਾਲ ਨੇ ਰਾਜਕੁਮਾਰ ਨੂੰ ਧੁਰ ਅੰਦਰ ਤੱਕ ਸੇਕ ਦਿੱਤਾ ਕਿਉਂਕਿ ਉਹ ਗੀਤ ਪਰਵਾਰਕ ਨਹੀਂ ਸੀ।

### ਦਲੀਲ

–ਸਤਪਾਲ ਸੋਹਲ

'ਬੱਚਿਆਂ ਨੂੰ ਲਾਡ ਪਿਆਰ 'ਚ ਕਿਤੇ ਵਿਗਾੜ ਨਾ ਦੇਈ।' ਮੈਂ ਆਪਣੀ ਪਤਨੀ ਨੂੰ ਕਿਹਾ।

ਉਸ ਨੇ ਟੋਕਦਿਆਂ ਕਿਹਾ, 'ਮਾਂ ਦੀ ਮਮਤਾ ਦਾ ਤੁਸੀਂ ਅੰਦਾਜ਼ਾ ਨਹੀਂ ਲਾ ਸਕਦੇ।'

ਮੈਂ ਕਿਹਾ, 'ਫਿਰ ਤੂੰ ਹੀ ਦੱਸ ਦੇ।'

ਉਹ ਭਾਵੁਕ ਹੁੰਦਿਆਂ ਆਪਣੀ ਹੱਡਬੀਤੀ ਦੱਸਣ ਲੱਗ ਪਈ। ਉਸ ਨੇ ਦੱਸਿਆ, 'ਜਦੋਂ ਮੈਂ ਛੋਟੀ ਹੁੰਦੀ ਸੀ ਤਾਂ ਆਪਣੀ ਮਾਂ ਨਾਲ ਸੌਂਦੀ ਤੇ ਹਮੇਸ਼ਾ ਇਕ ਹੀ ਸਵਾਲ ਪੁੱਛਦੀ ਰਹਿੰਦੀ ਕਿ ਮਾਂ ਤੂੰ ਮੈਨੂੰ ਕਿੰਨਾ ਕੁ ਪਿਆਰ ਕਰਦੀ ਹੈ। ਉਸ ਦਾ ਜਵਾਬ ਹੁੰਦਾ, ਬਹੁਤ ਸਾਰਾ। ਮੈਂ ਫਿਰ ਜ਼ਿੱਦ ਕਰਨੀ, ਕਿੰਨਾ ਕੁ ਸਾਰਾ? ਹਾਰ ਕੇ ਮਾਂ ਆਖਦੀ, ਸਾਗਰ ਤੋਂ ਵੀ ਡੂੰਘਾ। ਮੈਂ ਫੇਰ ਆਖਦੀ, ਇਹ ਕਿੰਨਾ ਕੁ ਹੁੰਦਾ? ਉਹ ਕਹਿੰਦੀ, ਸੌਂ ਜਾ ਹੁਣ, ਫੇਰ ਕਦੇ ਦੱਸੂੰ। ਇਸ ਦਾ ਜਵਾਬ ਮੈਨੂੰ ਹੁਣ ਉਦੋਂ ਪਤਾ ਲੱਗਿਆ, ਜਦੋਂ ਮੈਂ ਖੁਦ ਮਾਂ ਬਣ ਗਈ ਹਾਂ।'

ਇਹ ਗੱਲ ਮੁੱਕਣ ਤੱਕ ਸਾਡੇ ਦੋਵਾਂ ਦੀਆਂ ਅੱਖਾਂ ਵਿੱਚ ਨਮੀ ਆ ਚੁੱਕੀ ਸੀ।

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777



31 Melanie Dr. Unit #4 Brampton, ON L6T 5H8
Avtar Singh Tiwana
Sales Rep



Darcel/Brandon Gate
ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੌਰ, ਈਟ ਇਨ ਕਿਚਨ, ਕੈਲੀਫੌਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੌਰ।



Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੂਡ ਫਲੋਰ, ਡਬਲ ਡੌਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।



Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।



Castlemore/Goreway
4 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, 3500 ਸਕੇਅਰ ਫੁੱਟ, ਹਾਰਡਵੂਡ ਫਲੋਰ, ਮੇਨ ਫਲੋਰ ਨੂੰ ਡੇਂਨ, ਬੈਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ ਦੇ ਨੇੜੇ।

ASIAN FOOD CENTRE



SERVING FROM 10 LOCATIONS IN ALL THE GTA AREA:

1. 621 Wanless drive unit 122 Brampton ON L7A 0A9 ............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109



# ਆਓ ਇਕੱਠੇ ਹੋਕੇ ਬਰੈਂਪਟਨ ਦੇ ਭਵਿੱਖ ਲਈ ਲੜੀਏ ।

## ਆਟੋ ਇਨਸ਼ੋਅਰੈਂਸ

ਆਟੋ ਇਨਸ਼ੋਅਰੈਂਸ ਵਿਚ ਪੋਸਟਲ ਕੋਡ ਦਾ ਵਿਤਕਰਾ ਬੜੀ ਸ਼ਰਮ ਵਾਲੀ ਗੱਲ ਹੈ ਜੋ ਬਰੈਂਪਟਨ ਦੇ ਡਰਾਈਵਰਾਂ ਨੂੰ ਲਗਾਤਾਰ ਦੁਖੀ ਕਰ ਰਹੀ ਹੈ। ਇਸ ਲਈ ਅਸੀਂ ਪੋਸਟਲ ਕੋਡ ਦੇ ਵਿਤਕਰੇ ਨੂੰ ਖਤਮ ਕਰਨ ਅਤੇ ਆਟੋ ਇਨਸ਼ੋਅਰੈਂਸ ਦਰਾਂ ਨੂੰ ਘੱਟ ਕਰਨ ਲਈ ਲੜ ਰਹੇ ਹਾਂ।

## ਹਸਪਤਾਲ

ਇਸ ਸਰਕਾਰ ਨੇ ਬਰੈਂਪਟਨ ਨੂੰ ਨਵਾਂ ਹਸਪਤਾਲ ਨਹੀਂ ਦਿੱਤਾ ਜਿਸ ਦੀ ਸਾਨੂੰ ਬਹੁਤ ਜ਼ਰੂਰਤ ਹੈ ਅਤੇ ਉਹ ਜਨਤਕ ਸਿਹਤ ਦੇਖ-ਰੇਖ ਵਿਚ ਵੀ ਕਟੌਤੀ ਕਰ ਰਹੇ ਹਨ । ਅਸੀਂ ਬਰੈਂਪਟਨ ਲਈ ਨਵੇਂ ਹਸਪਤਾਲ ਅਤੇ ਸਿਹਤ ਦੇਖਭਾਲ ਲਈ ਲੜ ਰਹੇ ਹਾਂ ਕਿਉਂਕਿ ਬਰੈਂਪਟਨ ਦੇ ਪਰਿਵਾਰਾਂ ਨੂੰ ਇਸ ਦੀ ਸਖ਼ਤ ਲੋੜ ਹੈ ।

## ਸਿੱਖਿਆ

ਇਹ ਸਰਕਾਰ ਸਿੱਖਿਆ ਵਿਭਾਗ ਵਿਚ ਵੱਡੀ ਕਟੌਤੀ ਕਰ ਰਹੀ ਹੈ, ਜਿਸ ਨਾਲ ਵਿਦਿਆਰਥੀਆਂ ਦਾ ਨੁਕਸਾਨ ਹੋ ਰਿਹਾ ਹੈ । ਉਨ੍ਹਾਂ ਨੇ ਬਰੈਂਪਟਨ ਯੂਨੀਵਰਸਿਟੀ ਨੂੰ ਰੱਦ ਕਰ ਦਿੱਤਾ, OSAP ਗਰਾਂਟਾਂ ਨੂੰ ਕੱਟ ਦਿੱਤਾ, ਵਿਦਿਆਰਥੀ ਕਰਜ਼ੇ ਵਿਚ ਵਾਧਾ ਕੀਤਾ ਅਤੇ ਸਕੂਲ ਦੀਆਂ ਮੁਰੰਮਤਾਂ ਦੇ ਬੱਜਟ ਨੂੰ ਕੱਟਿਆ । ਅਸੀਂ ਬਰੈਂਪਟਨ ਦੇ ਵਿਦਿਆਰਥੀਆਂ ਨਾਲ ਖੜ੍ਹੇ ਹਾਂ ।



**Kevin Yarde**
MPP Brampton North
10215 Kennedy Rd. N, Unit 7
905-495-8030
KYarde-CO@ndp.on.ca

**Gurratan Singh**
MPP Brampton East
1 Gateway Blvd, Unit 306
905-799-3939
GSingh-CO@ndp.on.ca

**Sara Singh**
MPP Brampton Centre
456 Vodden St. E, Unit 12
905-454-1233
SSingh-CO@ndp.on.ca

